# ਹਰਬੰਸ ਭੱਲਾ ਰਚਿਤ ਪੁਸਤਕ 'ਪੀਲੇ ਪੱਤਰ' ਦੇ ਸਰੋਕਾਰ



ਗੁਰਦੀਪ ਸਿੰਘ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਗੁਰੂ ਨਾਨਕ ਕਾਲਜ,
ਬੁਢਲਾਡਾ।
+9162804-77383

'ਪੀਲੇ ਪੱਤਰ' ਹਰਬੰਸ ਭੱਲਾ ਦੀ ਵੱਡ-ਆਕਾਰੀ ਕਾਵਿ ਪੁਸਤਕ ਹੈ। ਇਹ ਪੁਸਤਕ ਦਸ ਭਾਗਾਂ ਵਿਚ ਛਪੀ ਹੈ। ਇਸ ਪੁਸਤਕ ਦਾ ਮੂਲ ਉਰਦੂ ਵਿਚ ਹੈ ਅਤੇ ਇਸਨੂੰ ਹਰਭਜਨ ਸਿੰਘ ਕੋਮਲ ਦੁਆਰਾ ਅਨੁਵਾਦ ਕੀਤਾ ਗਿਆ ਹੈ। ਇਸ ਪੁਸਤਕ ਵਿਚ 70 ਹਜ਼ਾਰ ਸ਼ਿਅਰ ਦਰਜ ਹਨ। ਇਸ ਤੋਂ ਪਹਿਲਾਂ ਫਿਰਦੌਸੀ ਦੀ ਪੁਸਤਕ ਵਿਚ 60 ਹਜ਼ਾਰ ਸ਼ਿਅਰ ਮਿਲਦੇ ਹਨ। ਫ਼ਾਰਸੀ ਕਵੀ ਅਲੂ ਅਲ ਕਾਸਿਮ ਫਿਰਦੌਸੀ ਦੀ ਪੁਸਤਕ ਸ਼ਾਹਨਾਮਾ ਵਿਧਾ ਪੱਖੋਂ ਮਹਾਂਕਾਵਿ ਹੈ ਜਿਸ ਵਿਚ ਫਿਰਦੌਸੀ ਨੇ 60 ਹਜ਼ਾਰ ਸ਼ਿਅਰ ਲਿਖੇ ਹਨ। ਫਿਰਦੌਸੀ ਦਾ ਸਮਾਂ 940 ਤੋਂ 1020 ਈਸਵੀ ਦੇ ਦਰਮਿਆਨ ਬਣਦਾ ਹੈ। ਮੰਨਿਆਂ ਜਾਂਦਾ ਹੈ ਕਿ ਇਹ ਆਕਾਰ ਪੱਖੋਂ ਹੁਣ ਤੱਕ ਦੀ ਵੱਡ ਆਕਾਰੀ ਪੁਸਤਕ ਹੈ। ਡਾ. ਰਵੇਲ ਸਿੰਘ ਅਨੁਸਾਰ "ਅੱਜ ਲੱਗਪੱਗ ਇਕ ਹਜ਼ਾਰ ਸਾਲ ਬਾਅਦ ਫਿਰਦੌਸੀ ਦੇ ਰਿਕਾਰਡ ਨੂੰ ਤੋੜਨ ਦਾ ਹੌਸਲਾ ਹਰਬੰਸ ਭੱਲਾ ਨੇ ਕੀਤਾ।"1 'ਪੀਲੇ ਪੱਤਰ' ਜਿਸਨੂੰ ਸੁਰਜੀਤ ਪਾਤਰ "ਸੁਨਹਿਰੇ ਪੱਤਰ"2 ਆਖਦਾ ਹੈ, ਵਿਚ ਸੱਤਰ ਹਜ਼ਾਰ ਸ਼ਿਅਰ ਹਨ। ਇਸ ਪੱਖ ਤੋਂ ਇਹ ਵੱਡ-ਆਕਾਰੀ ਪੁਸਤਕ ਹੈ। ਆਕਾਰ ਦੇ ਪੱਖੋਂ ਹਰ ਵਿਧਾ ਵਿਚ ਵੱਡ-ਆਕਾਰੀ ਪੁਸਤਕਾਂ ਮਿਲਦੀਆਂ ਹਨ ਜਿਵੇਂ 'ਲੇ ਮਿਜ਼ਰੇਬਲ' ਵਿਕਟੋਰ ਹਯੂਗੋ ਦੀ 2783 ਪੰਨਿਆਂ ਤੇ ਫੈਲੀ ਪੁਸਤਕ ਹੈ। ਸਾਡੇ ਚਿੰਤਨ ਵਿਚ 'ਬਿਨ-ਅੱਖਰੀ' ਲਿਖਤ ਦਾ ਪ੍ਰਸੰਗ ਵੀ ਮਿਲਦਾ ਹੈ ਅਤੇ ਵੱਡ-ਆਕਾਰ ਹਰਫ਼ੀ ਲਿਖਤ ਦਾ ਪ੍ਰਸੰਗ ਵੀ। ਗੁਰਮੁਖੀ ਵਿਚ ਰੋਡੇ ਭਰਾਵਾਂ ਦੀ ਵੱਡ-ਆਕਾਰੀ ਪੁਸਤਕ 'ਲੀਲ੍ਹਾ' ਨੂੰ ਵੀਹਦੀ ਸਦੀ ਦਾ 'ਕਾਵਿ-ਗ੍ਰੰਥ' ਕਿਹਾ ਜਾਂਦਾ ਹੈ। ਜਿਸ ਬਾਰੇ ਡਾ. ਗੁਰਭਗਤ ਸਿੰਘ ਦੀ ਇਕ ਸਤਰੀ ਟਿੱਪਣੀ ਕਿ 'ਲੀਲਾ ਨੂੰ ਬਹੁਤ ਚੰਗਾ ਹੁੰਗਾਰਾ ਮਿਲ ਰਿਹਾ ਹੈ, ਵਿਵਾਦ ਵਾਲਾ ਵੀ। ਸੁਰਜੀਤ ਹਾਂਸ ਕਹਿੰਦਾ ਹੈ ਕਿ 'ਲੀਲ੍ਹਾ' ਕਾਗਜ਼ ਦਾ ਮਹਾਂ ਘਾਣ ਹੈ। ਇਹਦੇ ਲਈ ਲੇਖਕਾਂ ਨੂੰ ਦੰਡ ਦੇਣਾ ਚਾਹੀਦਾ ਹੈ।' ਜਦੋਂ ਸਤੀ ਕਹਿੰਦਾ ਹੈ ਕਿ 'ਕਵਿਤਾ ਨੂੰ ਲਿਖਿਆ ਨਹੀਂ ਜਾਣਾ ਚਾਹੀਦਾ, ਉਸਨੂੰ ਰਚਣ ਦੀ ਲੋਯ ਹੈ। ਰਚਿਆ ਉਸਨੂੰ ਭਾਸ਼ਾ ਤੋਂ ਬਿਨ੍ਹਾਂ ਵੀ ਜਾ ਸਕਦਾ ਹੈ।'3 ਤਾਂ ਅਜਿਹੇ ਸਮੇਂ ਸੁਲਤਾਨ ਬਾਹੂ ਦੀਆਂ ਸਤਰਾਂ–'ਮੁਰਸ਼ਿਦ ਹਾਦੀ ਸਬਕ ਪੜ੍ਹਾਇਆ, ਪੜ੍ਹਿਓਂ ਬਿਨਾਂ ਪੜ੍ਹੀਵੇ ਹੂੰ। ਉਂਗਲੀਆਂ ਬਿਨ ਕੰਨਾਂ ਦਿੱਤੀਆਂ, ਸੁਣਿਓਂ ਬਿਨਾਂ ਸੁਣੀਵੇ ਹੂੰ।' ਯਾਦ ਆਉਂਦੀਆਂ ਹਨ। ਮੁਰਸ਼ਦ, ਮੁਰੀਦ ਨੂੰ ਜਿਹੜੇ ਕਲਮੇ ਨਾਲ ਜੋੜਦਾ ਹੈ, ਉਹ ਬਿਨਾਂ ਜ਼ੁਬਾਨ ਤੋਂ ਪੜ੍ਹਿਆ ਜਾਣ ਵਾਲਾ ਅਤੇ ਬਿਨਾਂ ਕੰਨਾਂ ਦੇ ਸੁਣਿਆ ਜਾਣ ਵਾਲਾ ਹੈ।

ਹਰਬੰਸ ਭੱਲਾ ਦਾ ਜਨਮ 1930 ਵਿਚ ਪਸਰੂਰ (ਸਿਆਲਕੋਟ, ਪਾਕਿਸਤਾਨ) ਵਿਚ ਹੋਇਆ। ਬਟਵਾਰੇ ਤੋਂ ਬਾਅਦ ਉਹ ਅੰਮ੍ਰਿਤਸਰ ਸਾਹਿਬ ਰਿਹਾ। ਭੱਲਾ ਜੀ ਨੇ ਨੌਕਰੀ ਗੁਜਰਾਤ ਵਿਚ ਕੀਤੀ। ਉਨ੍ਹਾਂ ਦਿਨਾਂ ਵਿਚ ਹੀ ਉਹ ਆਪਣੇ ਲੇਖਣ ਕਾਰਜ ਨਾਲ ਜੁੜਿਆ। 'ਪੀਲੇ ਪੱਤਰ' ਹਰਬੰਸ ਭੱਲਾ ਨੇ ਚੌਦਾਂ ਸਾਲ ਦੀ ਤਪੱਸਿਆ ਹੈ ਜਿਸ ਵਿਚ ਉਸਦੇ ਅਨੁਭਵ, ਗਿਆਨ ਅਤੇ ਦਰਸ਼ਨ ਦਾ ਸੁਮੇਲ ਸਮੋਇਆ ਹੈ। ਇਸ ਬਾਰੇ ਟਿੱਪਣੀ ਹੈ ਕਿ 'ਇਸ ਵਿਲੱਖਣ ਗ੍ਰੰਥ ਨੂੰ ਅੱਜ ਦੇ ਜ਼ਮਾਨੇ ਦਾ ਸੂਫ਼ੀ ਮਹਾਂਕਾਵਿ ਕਿਹਾ ਜਾਂਦਾ ਹੈ। ਰਵੀ ਸ਼ਰਮਾਂ ਇਸ ਨੂੰ 'ਭੱਲਾ-ਬਾਣੀ' ਆਖਦਾ ਹੈ। ਇਸ ਪੁਸਤਕ ਨੂੰ ਭੱਲਾ ਬਾਣੀ ਕਹਿਣਾ ਬਿਲਕੁਲ ਵੀ ਠੀਕ ਨਹੀਂ ਇਹ ਸਿਰਫ ਸ਼ਿਅਰਕਾਰੀ ਜਿਸ ਵਿਚ ਸਹਿਜ ਸਮਝ ਹੈ ਅਤੇ ਸਮਿਆਂ ਤੋਂ ਪਾਰ ਨਹੀਂ। ਰਵੀ ਸ਼ਰਮਾ ਅਨੁਸਾਰ-

'ਭੱਲਾ-ਬਾਣੀ' ਵਿਚ ਹਜ਼ਾਰਾਂ ਪ੍ਰਤੀਕਾਂ ਰਾਹੀਂ ਸੱਤਰ ਹਜ਼ਾਰ ਸ਼ਿਅਰਾਂ ਦੀ ਅਜਿਹੀ ਲੁਭਾਵਨੀ ਰਚਨਾ ਰਚੀ ਗਈ ਹੈ ਜਿਸ ਵਿਚ ਕਰਤਾ ਕਰਤਾਰ ਦੇ ਕੌਤਕ ਹਨ, ਰਾਹ ਰਸਤਿਆਂ ਦੀਆਂ ਮੁਸ਼ਕਲਾਂ ਹਨ, ਭੌਰਿਆਂ ਦੀ ਗੂੰਜ, ਫੁੱਲਾਂ ਦੀ ਮਹਿਕ, ਸਮੁੰਦਰ ਦੀ ਗਹਿਰਾਈ, ਚੜ੍ਹੀ ਝਨਾਂ ਦੀਆਂ ਛੱਲਾਂ, ਪੰਛੀਆਂ ਦੀਆਂ ਪਰਵਾਜ਼ਾਂ, ਰੂਪ ਇਸ਼ਕ ਦੇ ਚਰਚੇ, ਇਲਮ ਆਲਮ ਤੇ ਵਿਅੰਗ, ਦਰਿਆਵਾਂ ਦੀ ਰਵਾਨਗੀ, ਕਲੋਲਾਂ ਕਰਦੇ ਯੁਗਲ ਜੋੜੇ ਅਤੇ ਹੋਰ ਕਿੰਨੇ ਦਿਲ ਖਿਚੂ ਬਿੰਬ ਅਤੇ ਅਜੇਹੇ ਸ਼ਬਦ ਸੁਣਣ ਪੜ੍ਹਨ ਨੂੰ ਮਿਲਦੇ ਹਨ ਜਿੰਨ੍ਹਾਂ ਸ਼ਬਦਾਂ ਤੋਂ ਅੱਜ ਦੀ ਪੀੜ੍ਹੀ ਬਿਲਕੁਲ ਅਣਜਾਨ ਹੈ।"4

ਰਵੀ ਸ਼ਰਮਾਂ ਨੇ ਇਸ ਪੁਸਤਕ ਵਿਚਲੇ ਸ਼ਿਅਰਾਂ ਨੂੰ ਰਿਕਾਰਡ ਕੀਤਾ ਹੈ। ਰਿਕਾਰਡ ਦੇ ਅਨੁਭਵ ਸਾਂਝੇ ਕਰਦਿਆਂ ਰਵੀ ਸ਼ਰਮਾ ਆਖਦਾ ਹੈ ਕਿ-

"ਪੀਲੇ ਪੱਤਰ ਦੇ ਹਰ ਰੋਜ਼ 700-750 ਸ਼ਿਅਰ ਰਿਕਾਰਡ ਕਰਨ ਤੋਂ ਬਾਅਦ ਇੰਜ ਮਹਿਸੂਸ ਹੋਇਆ ਹੈ ਜਿਵੇਂ ਇਸ ਪਿਛਲੀ ਉਮਰ ਵਿਚ ਆ ਕੇ ਮੇਰੀ ਕਲਪਨਾ ਦੀਆਂ ਉੜਾਨਾਂ ਹੋਰ ਉੱਚੀਆਂ ਤੇ ਲੰਮੀਆਂ ਹੋ ਗਈਆਂ ਹੋਣ, ਮੇਰੇ ਜਜ਼ਬਾਤ, ਮੇਰੇ ਖ਼ਯਾਲਾਤ, ਮੇਰਾ ਨਜ਼ਰੀਯਾ, ਮੇਰੇ ਏਹਸਾਸਾਤ; ਮਨੁੱਖਤਾ ਅਤੇ ਜੀਵਨ ਬਾਰੇ ਮੇਰੀ ਸਮਝ ਹੋਰ ਤੀਖਣ ਤੇ ਵਿਲੱਖਣ ਹੋ ਗਈ।"5

ਇਸ ਪੁਸਤਕ ਦੇ ਸਬੰਧ ਵਿਚ ਹਰਭਜਨ ਸਿੰਘ ਕੋਮਲ ਦਾ ਮਤ ਹੈ ਕਿ-

"ਖ਼ਾਸ ਕਰਕੇ ਇਕੋ ਬਹਿਰ ਅਤੇ ਦੋ ਕਾਫੀਆਂ ਨਾਲ ਸ਼ਿੰਗਾਰੀ ਹੋਈ ਸੱਤਰ ਹਜ਼ਾਰ ਸ਼ਿਅਰਾਂ ਦੀ ਇਕੋ ਰਚਨਾ।"6 "ਦਵੱਈਏ ਛੰਦ ਵਿਚ ਏਨੀ ਵਿਸ਼ਾਲ ਰਚਨਾ ਮੇਰੀ ਨਜ਼ਰੋਂ

ਇਸ ਤੋਂ ਪਹਿਲੋਂ ਕਦੀ ਵੀ ਨਹੀਂ ਗੁਜ਼ਰੀ ਪਰ ਇਸ ਕਵਿਤਾ ਦੇ ਰਚਣਹਾਰ ਨੇ ਦਵੱਈਏ ਵਿਚ ਇਕ ਛੋਟੀ ਜਿਹੀ ਤਬਦੀਲੀ ਕੀਤੀ ਹੈ। ਸ਼ਿਅਰ ਦਾ ਅੰਤ ਵਾਲਾ 'ਗੁਰੂ' ਉਸਨੇ ਹਟਾ ਦਿੱਤਾ ਹੈ। ਇਸ ਤਰ੍ਹਾਂ ਉਸਨੇ 16+12 ਦੀ ਥਾਂ ਤੇ 16+11 ਵਾਲਾ ਛੰਦ ਸਥਾਪਤ ਕੀਤਾ ਹੈ। ਇਸ ਤਰ੍ਹਾਂ ਇਕ ਨਵਾਂ ਛੰਦ ਹੋਂਦ ਵਿਚ ਆ ਗਿਆ ਪ੍ਰਤੀਤ ਹੁੰਦਾ ਹੈ, ਤੇ ਇਸ ਛੰਦ ਵਿਚ ਏਨੀ ਲੰਮੀ ਕਵਿਤਾ ਸ਼ਾਇਦ ਸਾਰੇ ਸੰਸਾਰ ਵਿਚ ਨਾ ਮਿਲੇ।"7

ਪ੍ਰੋਫੈਸਰ ਰਵੇਲ ਸਿੰਘ ਆਖਦੇ ਹਨ ਕਿ "ਕੋਈ ਇਕੱਲਾ ਕਵੀ 1634 ਵਿਿਸ਼ਆਂ ਉੱਤੇ ਕਵਿਤਾ ਰਚ ਰਿਹਾ ਹੈ ਅਤੇ ਹਰ ਵਿਸ਼ੇ ਦੀ ਡੂੰਘਾਈ ਵਿਚ ਜਾ ਕੇ ਉਸਨੂੰ ਇੰਜ ਵਿਸਥਾਰਦਾ ਹੈ ਕਿ ਪਾਠਕ ਕੀਲਿਆ ਰਹਿ ਜਾਂਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਕਿਸੇ ਵੀ ਸ਼ਿਅਰ ਵਿਚ ਲੈਅ ਜਾਂ ਰਿਦਮ ਦੀ ਕੋਈ ਉਦਾਸੀ ਨਹੀਂ।"8 ਹਰਬੰਸ ਭੱਲਾ ਬੰਦੇ ਦੀ ਦੇਹ ਅਤੇ ਉਸ ਅੰਦਰਲੇ ਨੂੰ ਹਰ ਪੱਖ ਤੋਂ ਰੂਪਮਾਨ ਕਰਦਾ ਹੈ। ਜਦੋਂ ਅਸੀਂ ਮੁਕੰਮਲਤਾ ਲੱਭਦੇ ਹਾਂ ਤਾਂ ਉਸ ਸਮੇਂ ਆਪਮੁਹਾਰਤਾ ਆਉਣੀ ਸੁਭਾਵਕ ਹੈ। ਇਹ ਆਪਮੁਹਾਰਤਾ ਸਿਰਜਕ ਨੂੰ ਕਿਸੇ ਇਕ ਵਿਚਾਰਧਾਰਾ ਤੋਂ ਮੁਕਤ ਕਰਦੀ ਹੈ ਜਾਂ ਉਸ ਸਮਿਟਰੀ ਨੂੰ ਤੋੜਦੀ ਹੈ ਜਿਹੜੀ ਸੁਚੇਤ ਘਿਰ ਕਰਦੀ ਹੈ। ਇਸ ਸਥਿਤੀ ਵਿਚ ਬੰਦੇ ਅੰਦਰਲੀ ਬਿਰਤੀ ਸਪੱਸ਼ਟ ਹੀ ਨਹੀਂ ਹੁੰਦੀ ਬਲਕਿ ਇਕ ਖਿਆਲ ਦੀਆਂ ਬਹੁਤ ਸਾਰੀਆਂ ਪਰਤਾਂ ਰੂਪਮਾਨ ਹੁੰਦੀਆਂ ਹਨ। ਇਹ ਸ਼ਾਇਰੀ ਦਾ ਪਹਿਲਾ ਧਰਮ ਵੀ ਹੁੰਦਾ ਹੈ। ਇਸ ਦੀਆਂ ਵੱਖਰੀਆਂ ਵੱਖਰੀਆਂ ਦਿਸ਼ਾਵਾਂ ਹਨ। ਹਰ ਦਿਸ਼ਾ ਦਾ ਆਪਣਾ ਵੱਖਰਾ ਸੱਚ ਹੁੰਦਾ ਹੈ। ਹਰ ਵਿਧਾ ਅੰਦਰ ਉਸ ਦਿਸ਼ਾ ਨੂੰ ਪੇਸ਼ ਕਰਨ ਦੀਆਂ ਸੰਭਾਵਨਾਵਾਂ ਅਤੇ ਸੀਮਤਾਈਆਂ ਹੁੰਦੀਆਂ ਹਨ। ਵਿਧਾ ਇਕਹਿਰੀ ਨਹੀਂ ਹੁੰਦੀ। ਜਾਂ ਸਿਰਜਕ ਜਾਣਦੇ ਹੁੰਦੇ ਹਨ ਕਿ ਜਿਸ ਵਿਧਾ ਵਿਚ ਸਿਰਜਣਾ ਕਰ ਰਹੇ ਹਨ ਉਸ ਦੀ ਖਸਲਤ ਕੀ ਹੈ? ਹਰਬੰਸ ਭੱਲਾ ਇਸ ਪੱਖ ਤੋਂ ਸੁਚੇਤ ਸ਼ਾਇਰ ਹੈ। ਉਸ ਕੋਲ ਇਕੋ ਵੇਲੇ ਕਈ ਵਿਧਾਵਾਂ ਦਾ ਸੁਮੇਲ ਹੈ। ਹਰਬੰਸ ਭੱਲਾ ਦੀ ਜੀਵਨ ਦ੍ਰਿਸ਼ਟੀ ਵਿਚੋਂ ਜਿਹੜੇ ਅਨੁਭਵ ਸਿਰਜਣਾ ਵਿਚ ਢਲਦੇ ਹਨ ਉਨ੍ਹਾਂ ਵਿਚ ਸਿਆਣਪਾਂ, ਬਾਤਾਂ, ਬੁਝਾਰਤਾਂ, ਨਿੱਕੀ ਕਹਾਣੀ ਜਾਂ ਹੋਰ ਵਿਧਾਵਾਂ ਇਕੋ ਵੇਲੇ ਅਚੇਤ/ਸੁਚੇਤ ਸ਼ਾਮਿਲ ਹੁੰਦੀਆਂ ਹਨ। ਸਤੀ ਕੁਮਾਰ ਆਖਦਾ ਹੈ ਕਿ – "ਕਾਵਿ ਅਨੁਭਵ ਘੁਮਿਆਰ ਦੇ ਹੱਥਾਂ ਵਾਂਗ ਹੁੰਦਾ ਹੈ ਜੋ ਆਪਣੀ ਮਿੱਟੀ (ਭਾਸ਼ਾ) ਨੂੰ ਆਪ ਸਾਜਦਾ ਹੈ। ਬਣੀ ਬਣਾਈ ਸੁਰਾਹੀ ਵਿਚ ਪਾਣੀ ਪਾਓ ਤਾਂ ਉਹ ਸੁਰਾਹੀ ਦੇ ਆਕਾਰ ਚ ਢਲ ਜਾਂਦਾ ਹੈ ਇਸ ਨੂੰ ਅਸੀਂ ਪਰੰਪਰਾ ਆਖਦੇ ਹਾਂ।"9 ਪਰੰਪਰਾ ਜਿਉਂ ਦੀ ਤਿਉਂ ਨਹੀਂ ਤੁਰਦੀ ਇਸ ਵਿਚ ਰੂਪਾਂਤਰਨ ਹੁੰਦੇ

ਰਹਿੰਦੇ ਹਨ। ਦ੍ਰਿਸ਼ਟੀਆਂ ਬਦਲਦੀਆਂ ਰਹਿੰਦੀਆਂ ਹਨ। ਜਦੋਂ ਦ੍ਰਿਸ਼ਟੀਆਂ ਬਦਲਦੀਆਂ ਹਨ ਤਾਂ ਵਾਸਤਵਿਕਤਾ ਨੂੰ ਨਵੇਂ ਸਿਰਿਓਂ ਵੇਖਿਆ ਜਾਣ ਲੱਗਦਾ ਹੈ। ਸਾਹਿਤ ਇਸ ਪੱਖ ਤੋਂ ਬੜੀ ਭੂਮਿਕਾ ਨਿਭਾਉਂਦਾ ਹੈ। ਇਹ ਪੁਸਤਕ ਪਾਠਕ ਅੰਦਰ ਚਲਦੇ ਬਹੁਤ ਸਾਰੇ ਸਵਾਲਾਂ ਨੂੰ ਮੁਖਾਤਿਬ ਹੁੰਦੀ ਹੈ। ਇਸ ਦੀ ਮਹੱਤਤਾ ਸਤੁੰਸ਼ਟੀ ਵਿਚੋਂ ਅਸਤੁੰਸ਼ਟੀ ਪੈਦਾ ਕਰਨ ਵੱਲ ਤੁਰਦੀ ਹੈ। ਮਿਸਾਲ ਵਜੋਂ-

ਮਰਦੇ ਨੂੰ ਕੀ ਫ਼ਰਕ ਕਿ ਉਹਦੀ ਅਰਥੀ ਤੇ ਫੁੱਲ ਕਿੰਨੇ
ਮਰਦੇ ਨੂੰ ਕੀ ਫ਼ਰਕ ਕਿ ਉਹਦੀ ਲਾਸ਼ ਨੂੰ ਕਿੰਨਾ ਮਾਣ।10

ਹਰਬੰਸ ਭੱਲਾ ਧਰਮ ਦਰਸ਼ਨ, ਸਮਾਜ, ਸੱਭਿਆਚਾਰਕ ਅਤੇ ਰਾਜਨੀਤਿਕ ਮਸਲਿਆਂ ਨੂੰ ਜਦੋਂ ਮੁਖਾਤਿਬ ਹੁੰਦਾ ਹੈ ਤਾਂ ਉਹ ਧਰਮ ਨੂੰ ਰੱਦ ਨਹੀਂ ਕਰਦਾ। ਲੋਕ-ਮਨ ਧਰਮ ਬਾਰੇ ਜਿਸ ਤਰ੍ਹਾਂ ਦਾ ਨਜ਼ਰੀਆ ਰੱਖਦਾ ਹੈ ਉਸਦੀ ਪੇਸ਼ਕਾਰੀ ਭੱਲਾ ਉਸੇ ਦ੍ਰਿਸ਼ਟੀ ਤੋਂ ਕਰਦਾ ਹੈ, ਇਹ ਇਸ ਪੁਸਤਕ ਦਾ ਹਾਸਿਲ ਹੈ। ਧਰਮ ਦਰਸ਼ਨ ਪੱਖੋਂ ਬੰਦੇ ਅੰਦਰਲੀ ਬੰਦਿਆਈ ਜਿਸ ਆਦਰਸ਼ ਦੇ ਨੇੜੇ ਰਹਿੰਦੀ ਹੈ, ਉਸਦਾ ਵੱਖ-ਵੱਖ ਧਰਮ ਗ੍ਰੰਥਾਂ ਅਤੇ ਦੁਨਿਆਵੀ ਸ਼ਾਇਰੀ ਨੇ ਆਪਣੇ ਆਪਣੇ ਤਰੀਕੇ ਨਾਲ ਵਿਖਿਆਨ ਕੀਤਾ ਹੈ। ਅਲਾਮਾ ਮੁਹੰਮਦ ਇਕਬਾਲ ਉਸਨੂੰ 'ਮਜ਼ਹਬ ਨਹੀਂ ਸਿਖਾਤਾ, ਆਪਸ ਮੇਂ ਬੈਰ ਰਖਨਾ'11 ਰਾਹੀਂ ਰੂਪਮਾਨ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਕੇਂਦਰ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥', 'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ॥', 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ', 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥'12 ਬਣਦਾ ਹੈ। ਇੱਥੇ ਇਹ ਤੁਲਨਾ ਇਸ ਕਰਕੇ ਨਹੀਂ ਕਿ ਤਿੰਨੋਂ ਸਮਾਂਨਾਤਰ ਹਨ ਇੱਥੇ ਸਿਰਫ ਪ੍ਰਸੰਗ ਸਮਝਣ ਲਈ ਹੈ। ਆਲਾਮਾ ਮੁਹੰਮਦ ਇਕਬਾਲ ਇਸ ਨੂੰ "ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂ ਹਮਾਰਾ" ਰਾਹੀਂ ਇਸ ਨੂੰ ਵਿਸਥਾਰਦਾ ਹੈ ਜੋ ਖ਼ਾਸ ਧਰਾਤਲ ਦਾ ਸੁਆਲ ਹੈ। ਗੁਰੂ ਗ੍ਰੰਥ ਸਾਹਿਬ ਇਸ ਨੂੰ ਸਮੁੱਚਤਾ ਵਿੱਚ ਸ੍ਰਿਸਟੀ ਰਾਹੀਂ ਸਾਹਮਣੇ ਲਿਆਉਂਦਾ ਹੈ। ਭੱਲਾ "ਰੱਬ ਸ਼ਬਦ ਦੋ ਹਰਫ਼ੀ ਜਿਹੜਾ ਲੱਖ ਸ਼ਬਦਾਂ ਤੋਂ ਭਾਰਾ, ਰੱਬ ਸ਼ਬਦ ਦੋ ਹਰਫ਼ ਜਿਹੜਾ ਕੁਲ ਦੁਨੀਆਂ ਦੀ ਜਾਨ" ਨਾਲ ਸੰਬੋਧਿਤ ਹੁੰਦਾ ਹੈ। ਹਰਬੰਸ ਭੱਲਾ ਇਸ ਪੱਖ ਤੋਂ ਆਪਣਾ ਤਰਕ ਉਸਾਰ ਰਿਹਾ ਹੈ। ਜਿੱਥੇ ਉਹ ਮਜ਼ਹਬ ਨੂੰ ਕਿਰਦਾਰ ਦੇ ਵਾਂਗ ਧੁਰ ਅੰਦਰ ਦੀ ਚੀਜ਼ ਅਤੇ ਅੰਦਰ ਦੀ ਲਿਸ਼ਕਾਰ ਆਖਦਾ ਹੈ। ਇਸ ਥਾਂ ਤੇ ਆ

ਕੇ ਉਹ ਮਜ਼ਹਬ ਦੀ ਬੰਦਿਆਈ ਪੱਖੋਂ ਪਰਿਭਾਸ਼ਾ ਵੀ ਕਰਦਾ ਹੈ ਅਤੇ ਉਸ ਨਾਲ ਵੱਖਰੇ ਵੱਖਰੇ ਧਰਮਾਂ ਦੇ ਜੁੜੇ ਵਿਹਾਰ ਸਾਹਮਣੇ ਲਿਆਉਂਦਾ ਹੈ। ਉਸਦੇ ਕੁਝ ਸ਼ਿਅਰ ਇਸ ਸਾਰੀ ਸਥਿਤੀ ਨੂੰ ਰੂਪਮਾਨ ਕਰਦੇ ਹਨ, ਮਿਸਾਲ ਵਜੋਂ –

ਮਜ਼ਹਬ ਦਸਦਾ ਬੰਦੇ ਨੂੰ, ਤੂੰ ਕਿੰਜ ਜਿੰਦੜੀ ਵਿਚ ਜੀਣਾ।
ਮਜ਼ਹਬ ਦਸਦਾ ਬੰਦੇ ਨੂੰ ਤੂੰ ਕਿੰਜ ਬਣਨਾ ਇਨਸਾਨ।13

ਇਸ ਸਥਿਤੀ ਨੂੰ ਪੰਜਾਬੀ ਚਿੰਤਨ ਵਿਚ ਜਾਂ ਤਾਂ ਪਛਾਣਿਆਂ ਨਹੀਂ ਗਿਆ ਜਾਂ ਆਧੁਨਿਕ ਚਿੰਤਨ ਮਜ਼ਹਬ ਦੀ ਹੋਂਦ ਨੂੰ ਸੀਮਤਾਈ ਵਿਚ ਰੱਖ ਕੇ ਆਪਣਾ ਪੱਖ ਉਸਾਰਦਾ ਹੈ। ਭੱਲਾ ਮਜ਼ਹਬ ਨੂੰ ਇਖਲਾਕ ਨਾਲ ਜੋੜਦਾ ਹੈ ਜਿੱਥੇ ਮਜ਼ਹਬ ਬੰਦੇ ਅੰਦਰਲੀਆਂ ਅਵੈੜੀਆਂ ਪ੍ਰਵਿਰਤੀਆਂ ਨੂੰ ਖਤਮ ਕਰਕੇ ਉਸ ਅੰਦਰ ਬੰਦਿਆਈ ਪੈਦਾ ਕਰਦਾ ਹੈ। ਭੱਲਾ ਇਸ ਪਾਸੇ ਇਸ਼ਾਰਾ ਕਰਦਾ ਆਖਦਾ ਹੈ ਕਿ-

ਮਜ਼ਹਬ ਤੋਂ ਇਖਲਾਕ ਜੁਦਾ, ਜੋ ਸੋਚ ਰਿਹਾ ਉਹ ਮੂਰਖ
ਮਜ਼ਹਬ ਤੋਂ ਇਖਲਾਕ ਜੁਦਾ, ਜੋ ਸੋਚ ਰਿਹਾ ਬਈਮਾਨ
ਮਜ਼ਹਬ ਤੇ ਇਖਲਾਕ ਦੋਹਾਂ ਦਾ, ਅੰਦਰੋਂ ਅੰਦਰੀਂ ਰਿਸ਼ਤਾ
ਮਜ਼ਹਬ ਤੇ ਇਖਲਾਕ ਦੋਹਾਂ ਦੀ, ਅੰਦਰੋਂ ਕੱਠੀ ਜਾਨ।14

ਇਸ ਪੱਖ ਤੋਂ ਉਹ ਮਜ਼ਹਬ ਦਾ ਪੂਰਾ ਪਾਸਾਰ ਉਲੀਕਦਾ ਹੈ। ਜਿੱਥੇ ਉਹ ਮਜ਼ਹਬ ਅਤੇ ਰਾਜਨੀਤੀ ਦੀ ਸਾਂਝ ਅਤੇ ਵਖਰੇਵੇਂ ਸਾਹਮਣੇ ਲਿਆਉਂਦਾ ਹੈ। ਉਲਫਤ ਬਾਜਵਾ ਦਾ ਸ਼ਿਅਰ ਹੈ ਕਿ 'ਮਜ਼੍ਹਬ ਕੀ ਜਾਤ ਪਛਾਣੇ ਕੌਣ ਭਲਾਂ, ਸਭ ਦੇ ਅੱਖੀਂ ਘੱਟਾ ਪਾਇਆ ਮਜ਼੍ਹਬਾਂ ਨੇ।' ਭੱਲਾ ਆਖਦਾ ਹੈ ਕਿ "ਮਜ਼ਹਬ ਹਾਕਮ ਹੱਥਾਂ ਦੇ ਵਿਚ, ਨਫ਼ਰਤ ਦੀ ਤਬਲੀਗ, ਮਜ਼ਹਬ ਹਾਕਮ ਹੱਥਾਂ ਦੇ ਵਿਚ ਝੂਠਾ ਇਸ਼ਕ ਪਿਆਰ।"15 ਇੱਥੇ ਨਾਲ ਹੀ ਉਹ ਮੁੱਲਾਂ ਅਤੇ ਮਜ਼ਹਬ ਦੀ ਸ਼ਨਾਖਤ ਕਰਦਾ ਹੈ ਕਿ "ਮਜ਼ਹਬ ਬੋਲੀ ਦਿਲ ਦੀ ਬੋਲੇ, ਮੁੱਲਾਂ ਬੋਲੇ ਝੂਠ, ਮਜ਼ਹਬ ਬੋਲੀ ਦਿਲ ਦੀ ਬੋਲੇ, ਪੰਡਿਤ ਪਰ ਬਈਮਾਨ।"16 ਉਹ ਇਸ ਤੋਂ ਵੀ ਅਗਾਂਹ ਤੁਰਦਾ ਆਖਦਾ ਹੈ ਕਿ "ਮਜ਼ਹਬ ਮੁੱਲਾਂ ਦੇ ਹੱਥ ਜਿਵੇਂ ਕਿਸੇ ਬੱਚੇ ਹੱਥ ਖਿਡੌਣਾ, ਮਜ਼ਹਬ ਮੁੱਲਾਂ ਹੱਥ ਜਿਵੇਂ ਕਿਸੇ ਬੱਚੇ ਹੱਥ ਕਟਾਰ।"17 ਉਸਦੀ 'ਕਾਵਿ-ਮੈਂ' ਅੰਦਰਲੀ ਫਿਕਰਮੰਦੀ ਦਾ ਵਿਖਿਆਨ ਉਹ ਭਾਵੇਂ ਵਿਸਥਾਰ ਵਿਚ ਸਾਹਮਣੇ ਲਿਆਉਂਦਾ ਹੈ ਪਰ ਬਹੁਤੀ ਥਾਵਾਂ ਤੇ ਉਹ ਐਸੇ ਵਿਅੰਗ ਸਿਰਜਦਾ ਹੈ ਕਿ ਪਾਠਕ ਤ੍ਰਬਕਦਾ ਹੈ। ਮਜ਼ਹਬ ਦੇ

ਪਿੰਡੇ ਪਏ ਲਹੂ ਚਰਬੀ ਦੇ ਛਿੱਟਿਆਂ ਨੂੰ ਪਛਾਣਦਾ ਉਹ ਇਸ ਦੇ ਡਿੱਗਦੇ ਮਿਆਰ ਵੱਲ ਸੰਕੇਤ ਕਰਦਾ ਹੈ।

'ਪੀਲੇ ਪੱਤਰ' ਦੇ ਸੱਤਵੇਂ ਭਾਗ ਨੂੰ ਸੱਤ ਸੈਂਚੀਆਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਸੈਂਚੀਆਂ ਵਿਚ ਅੱਗੋਂ ਇਕ ਇਕ ਸ਼ਬਦ/ਖਿਆਲ ਨੂੰ ਆਧਾਰ ਬਣਾ ਕੇ ਅਨੇਕਾਂ ਸ਼ਿਅਰ ਆਖੇ ਗਏ ਹਨ। ਇਨ੍ਹਾਂ ਦੀ ਵੰਡ ਇਸ ਤਰ੍ਹਾ ਹੈ -

1.ਮੁੱਢ-ਸ਼ੁਰੂ, ਜਨਮ-ਮਰਨ, ਅਮਤ-ਅੰਜਾਮ, ਉਮਰ-ਜੋਬਨ, ਬੱਚੇ-ਬੁੱਢੇ, ਔਰਤ-ਮਰਦ, ਮਾਂ-ਮਾਪੇ, ਰਿਸ਼ਤੇ-ਖੁਨ

2.ਸ਼ਮ੍ਹਾਂ, ਸੋਹਣੀ, ਆਦਮ, ਪਰੀਆਂ, ਤਨ, ਮਨ, ਅੱਖ, ਬੁੱਲ੍ਹ, ਹੱਥ. ਚਿਹਰਾ, ਸਿਰ, ਢਿੱਡ, ਕੰਨ, ਜੀਭ, ਫ਼ਨ, ਫ਼ਨਕਾਰ, ਖ਼ੁਦ-ਏਤਮਾਦੀ, ਜੱਗ, ਇਤਬਾਰ

3.ਸਾਹ, ਸਿਹਤ-ਦੁੱਖ, ਚਿੰਤਾ-ਜਖ਼ਮ, ਸੱਟ-ਰੋਗ, ਪੀੜ-ਸ਼ੱਕ, ਹਸਦ-ਰਹਿਮ, ਕਰਮ, ਚਾਲ, ਚਲਨ, ਸ਼ਰਮ, ਲਾਲਚ, ਲੋਭ, ਕਰਜ਼, ਮੁਆਫ਼ੀ, ਦਾਨ

4.ਉੱਚੇ, ਗਹਿਰੇ, ਵੱਡੇ, ਛੋਟੇ, ਭੈੜੇ, ਜ਼ਾਲਮ, ਜਜ਼ਬੇ, ਲੋੜ, ਮਜ਼ਹਬ, ਮੁਨਸਿਫ਼, ਮੂਰਖ਼, ਸਮਝਾਂ, ਸਿੱਖਿਆ, ਖੇਡ, ਖੋਜ, ਹੁਸ਼ਿਆਰੀ, ਕਾਰਨ

5.ਅੱਜ ਕੱਲ, ਆਉਂਦੀ ਕੱਲ, ਗੁਜ਼ਰੀ ਕੱਲ, ਮਾਜ਼ੀ, ਹਾਲ, ਮੁਸਤਕਬਿਲ

6.ਕੌਣ, ਕਿਸ, ਕਿਹੜਾ, ਕਿੰਨੇ, ਕਿੰਜ, ਕੀ, ਕਿਉਂ, ਕਿੱਦਾਂ, ਕਿੱਥੇ, ਕਾਸ਼, ਕੋਈ, ਕੁਝ

7., ਤੂੰ, ਸਾਡੇ, ਆਪਣਾ।18

ਪਹਿਲੀ ਸੈਂਚੀ ਵਿਚ ਮੁੱਢ-ਸ਼ੁਰੂ, ਜਨਮ-ਮਰਨ, ਅੰਤ-ਅੰਜਾਮ, ਉਮਰ-ਜੋਬਨ, ਬੱਚੇ-ਬੁੱਢੇ, ਔਰਤ-ਮਰਦ, ਮਾਂ-ਮਾਪੇ, ਰਿਸ਼ਤੇ-ਖ਼ੂਨ ਨੂੰ ਕੇਂਦਰ ਵਿਚ ਰੱਖ ਕੇ ਜਿਸ ਤਰ੍ਹਾਂ ਦਾ ਪ੍ਰਵਚਨ ਲੈ ਕੇ ਅਉਂਦਾ ਹੈ, ਉਹ ਦੇਹ ਅਤੇ ਆਤਮਾ ਦਾ ਪਰਸਪਰ ਸਾਂਝ ਨੂੰ ਰੂਪਮਾਨ ਕਰਦਾ ਹੈ। ਇਹ ਪ੍ਰਵਚਨ ਲੋਕ-ਮਨ ਅੰਦਰਲੀ ਸੱਤਾ ਨੂੰ ਆਪਣਾ ਪਾਸਾਰ ਕਰਨ ਤੋਂ ਰੋਕਦਾ ਨਹੀਂ ਇਹੀ ਇਸ ਸ਼ਿਅਰਕਾਰੀ ਦਾ ਹਾਸਲ ਹੈ। ਵਿਚਾਰ ਦੀ ਆਪਣੀ ਸੀਮਾ ਹੁੰਦੀ ਹੈ, ਸ਼ਾਇਰੀ ਇਸ ਦੇ ਅੰਗ ਸੰਗ ਰਹਿੰਦੀ ਵੀ ਇਸ ਤੋਂ ਪਾਰ ਵਿਚਰਦੀ ਹੈ। ਜਿਸ ਅਵਸਥਾ ਵਿਚ ਜਾ ਕੇ ਵਿਜੇ ਵਿਵੇਕ ਦੀ 'ਕਾਵਿ-ਮੈਂ' ਨੂੰ ਸੁੰਨ 'ਚੋਂ ਹਾਕ ਪੈਂਦੀ ਹੈ ਅਤੇ ਜਿੱਥੇ ਪਹੁੰਚ ਕੇ ਉਹ 'ਮੋਤੀ ਸਿਤਾਰੇ ਫੁੱਲ ਵੇ'19 ਲਿਖਦਾ ਹੈ। ਉਹ ਖੁਦ ਮੰਨਦਾ ਹੈ ਕਿ ਇੱਥੇ ਕਵੀ ਸਿਰਫ ਸ਼ਾਇਰੀ ਦਾ ਮਾਧਿਅਮ ਹੈ, ਆਪੇ ਤੋਂ ਬਾਹਰ ਵਿਚਰਦੀ 'ਮੈਂ' ਉਸ ਨੂੰ ਕਿਸੇ ਹੋਰ ਅਵਸਥਾ ਵਿਚ ਲੈ ਤੁਰਦੀ ਹੈ। ਹਰਬੰਸ ਭੱਲਾ ਦੀ ਸ਼ਿਅਰਕਾਰੀ ਦਾ ਬਹੁਤੀਆਂ ਥਾਵਾਂ 'ਤੇ ਇਹੀ ਤਾਸੀਰ ਹੈ।

ਇਹ ਤਾਸੀਰ ਵਿਚ 'ਏਸ ਜਨਮ ਦੀ ਕੀਤੀ, ਜਾਣੀ ਏਸ ਜਨਮ ਤੋਂ ਪਾਰ' ਵੱਲ ਨੂੰ ਹੋ ਤੁਰਦਾ ਹੈ। ਇਹ ਹਿੱਸਾ ਪੜ੍ਹਦਿਆਂ ਮੈਨੂੰ ਚੈਖਵ ਦੀ ਕਹਾਣੀ 'ਇਕ ਕਲਰਕ ਦੀ ਮੌਤ' ਵਿਚ ਪੇਸ਼ ਹੋਈ ਕਰੂਰਤਾ ਯਾਦ ਆਉਂਦੀ ਹੈ। ਹਰਬੰਸ ਭੱਲਾ ਇਸ ਦਰਜੇਬੰਦੀ ਵਿਚ ਹਾਕਮ ਦੀ ਗੱਲ ਦਾ ਵਿਖਿਆਨ ਬੰਦੇ ਦੇ ਅੰਦਰ ਨਾਲ ਜੋੜ ਕੇ ਕਰਦਾ ਹੈ, ਜਿੱਥੇ ਚੈਖਵ ਦੀ ਕਹਾਣੀ ਦੇ ਪਾਤਰ ਕਲਰਕ ਵਾਂਗ ਸਾਹਮਣਾ ਮਰਦਾ ਹੈ।

ਅੰਤ ਤੇ ਜਿਸ ਹੱਥ ਲਾਠੀ ਏਥੇ ਉਸੇ ਹੱਥ ਹਕੂਮਤ
ਅੰਤ ਤੇ ਜਿਸ ਹੱਥ ਲਾਠੀ ਏਥੇ ਉਸੇ ਦੇ ਫ਼ੁਰਮਾਨ।20

ਪ੍ਰੋਫੈਸਰ ਰਵੇਲ ਸਿੰਘ ਆਖਦਾ ਹੈ ਕਿ 'ਸ਼ਾਇਰੀ ਦੀ ਇਹ ਸਾਦਗੀ ਕੁਝ ਇਸ ਤਰ੍ਹਾਂ ਹੈ ਜਿਵੇਂ ਇਸ ਤਰ੍ਹਾਂ ਦੀ ਹੈ ਜਿਵੇਂ ਕਿਸੇ ਦਾਨਿਸ਼ਮੰਦ ਬਜ਼ੁਰਗ ਦੇ ਚੇਹਰੇ ਤੇ ਬੱਚਿਆਂ ਵਾਲਾ ਭੋਲਾਪਣ ਹੋਵੇ।'21 ਇਹ ਸਾਦਗੀ ਡੂੰਘੀਆਂ ਸਿਖਰਾਂ ਛੂੰਹਦੀ ਹੈ। ਭੱਲਾ ਸ਼ਿਅਰਕਾਰੀ ਰਾਹੀਂ ਜਿਸ ਸਿਆਣਪ ਨੂੰ ਪਛਾਣ ਦੇ ਰਿਹਾ ਹੈ ਉਹ ਗੌਲਣਯੋਗ ਹੈ। ਮਿਸਾਲ ਵਜੋਂ-

ਉਮਰ ਗੁਲਾਮੀ ਵਿਚ ਜੋ ਕਟ ਗਈ ਲੈ ਗਈ ਹਿੰਮਤ ਨਾਲ
ਉਮਰ ਗੁਲਾਮੀ ਵਿਚ ਜੋ ਕਟ ਗਈ ਦੇ ਗਈ ਪੀੜਾਂ ਚਾਰ
ਲੰਮੀ ਉਮਰ ਤੇ ਹਰ ਕੋਈ ਚਾਹੁੰਦਾ ਲੇਕਿਨ ਬਿਨਾਂ ਬੁਢਾਪੇ
ਲੰਮੀ ਉਮਰ ਤੇ ਹਰ ਕੋਈ ਚਾਹੁੰਦਾ ਰਹਿ ਕੇ ਮਗਰ ਜਵਾਨ22

ਭੱਲਾ ਬੱਚੇ ਨੂੰ ਕੇਂਦਰ ਵਿਚ ਰੱਖ 'ਬੱਚੇ ਅਤੇ ਬਚਪਨ' ਦੇ ਸੰਦਰਭ ਪਛਾਣਦਾ ਹੈ ਜਿੱਥੇ ਉਹ ਮਾਂ ਪੁੱਤ ਦੇ ਰਿਸ਼ਤੇ ਦੀ ਪਵਿੱਤਰਤਾ ਤਲਾਸ਼ਦਾ ਹੈ। ਬੇਚੈਨੀ ਵਿਚ ਪਈ ਹੋਈ ਰਮਜ਼ ਨੂੰ ਬਾਗੀ ਜਾਂ ਸੁਲਤਾਨ ਨਾਲ ਜੋੜਦਾ ਹੈ। ਇਹ ਸ਼ਿਅਰਕਾਰੀ ਪੜ੍ਹਦਿਆਂ ਸੁਜਾਨ ਸਿੰਘ ਦੀ ਕਹਾਣੀ 'ਪਠਾਣ ਦੀ ਧੀ' ਦੇ ਪਾਸਾਰ ਸਮਝ ਪੈਂਦੇ ਹਨ। ਇੱਥੇ ਉਹ ਸਾਰੇ ਭੇਤਾਂ ਨੂੰ ਵਿਸਥਾਰ ਨਾਲ ਖੋਲ੍ਹਦਾ ਹੈ। ਜਿੱਥੇ ਬੱਚਾ ਸੁਰੀਲਾ ਗੀਤ ਵੀ ਬਣਦਾ ਹੈ ਅਤੇ ਰੂਪ ਦੀ ਸਿਖਰ ਵੀ। ਬੱਚੇ ਅਤੇ ਉਮਰ ਹੰਢਾਈ ਬੈਠੇ ਬੰਦੇ ਦੀਆਂ ਆਦਤਾਂ ਸਪੱਸ਼ਟ ਹੁੰਦੀਆਂ ਹਨ। ਜਿੱਥੇ ਬੱਚਾ ਪਹਿਲਾਂ ਰੋਣਾ ਸਿੱਖਦਾ ਹੈ ਅਤੇ ਬਾਅਦ ਵਿਚ ਚੱਲਣਾ ਪਰ ਬੰਦਾ ਪਹਿਲਾਂ ਚੀਕਦਾ ਹੈ ਫਿਰ ਕੰਮ ਬਾਰੇ ਸੋਚਦਾ ਹੈ। ਕੁਝ ਸ਼ਿਅਰ ਪੇਸ਼ ਹਨ–

ਬੱਚਾ ਜਾਂ ਤੇ ਮਾਂ ਦੀ ਮੰਨੇ ਜਾਂ ਫਿਰ ਆਪਣੀ ਕਰਦਾ
ਬੱਚੇ ਦੇ ਲਈ ਦੋ ਹੀ ਰਸਤੇ ਜੋ ਬਾਕੀ ਬੇਕਾਰ23
ਬੱਚੇ ਦੇ ਲਈ ਮਾਂ ਤੋਂ ਵੱਧ ਕੇ ਇਸ ਧਰਤੀ ਤੇ ਕੌਣ

ਬੱਚੇ ਦੇ ਲਈ ਮਾਂ ਤੋਂ ਵੱਧ ਕੇ ਕੌਣ ਜੋ ਬੇਇਤਬਾਰ।24

ਬੱਚੇ ਦਾ ਜਿਸ ਮਰਨਾ ਤੱਕਿਆ ਓਸ ਕਿਆਮਤ ਤੱਕੀ

ਬੱਚੇ ਦੀ ਜਿਸ ਅਰਥੀ ਚੁੱਕੀ ਉਹ ਬਹਾਦਰ ਜਾਣ।25

ਹਰਬੰਸ ਭੱਲੇ ਦੀ ਖ਼ੂਬੀ ਹੈ ਕਿ ਉਹ ਬਹੁਤੀਆਂ ਥਾਵਾਂ ਤੇ ਚੁੱਪ ਨੂੰ ਜ਼ੁਬਾਨ ਦਿੰਦਾ ਹੈ। ਇਹ ਪੱਖੋਂ ਜਦੋਂ ਉਹ ਔਰਤ ਬਾਰੇ ਸ਼ਿਅਰ ਆਖਦਾ ਹੈ ਤਾਂ ਸਹਿਜ ਦੇ ਵਿਚ ਔਰਤ ਨਾਲ ਜੁੜੇ ਅਨੇਕ ਮਸਲੇ ਰੂਪਮਾਨ ਹੁੰਦੇ ਹਨ। ਆਪਣੀ ਭਾਸ਼ਾ ਦੇ ਪਿੱਛੇ ਬਹੁਤ ਕੁਝ ਅਮੂਰਤਨ ਰੱਖ ਲੈਂਦਾ ਹੈ। ਭਾਸ਼ਾ ਦੇ ਅਮੂਰਤਨ ਦੇ ਸਬੰਧ ਵਿੱਚ ਡਾ. ਮਨਮੋਹਨ ਦਾ ਮੰਨਣਾ ਹੈ ਕਿ "ਭਾਸ਼ਾ ਸ਼ਬਦਾ ਦੇ ਪਿੱਛੇ ਪਿਆ ਅਮੂਰਤਨ ਹੈ। ਇੱਕ ਪ੍ਰਬੰਧ। ਇਹੀ ਪ੍ਰਬੰਧ ਕਵੀ ਦੁਆਰਾ ਭਾਸ਼ਾ ਚੋਂ ਪ੍ਰਗਟ ਹੁੰਦੈ। ਇਸ ਚ ਮੈਂ ਭਾਵ ਹੋਣ ਦਾ ਸੁਰ ਢਲਿਆ ਹੁੰਦੈ। ਇਹੀ ਲਿਖਤ ਵਿੱਚ ਗੁੱਝ ਕੇ ਭਾਸ਼ਾ ਬਣਦਾ ਏ। ਇੰਝ ਭਾਸ਼ਾ ਨਾ ਸੰਦ ਏ, ਨਾ ਸਾਧਨ। ਇਹ ਸੰਰਚਨਾ ਏ ਅਤੇ ਇਸ ਵਿੱਚ ਸੰਦੇਹ/ਦੁਚਿੱਤੀ ਰਾਹੀਂ ਵਾਧਾ ਹੁੰਦਾ ਰਹਿੰਦੈ।26 ਇਸ ਨੁਕਤੇ ਤੋਂ ਇਸ ਪੁਸਤਕ ਨੂੰ ਸਮਝਿਆ ਜਾ ਸਕਦਾ ਹੈ ਜਿੱਥੇ ਇਸ ਪਿੱਛੇ ਪਿਆ ਅਮੂਰਤਨ ਪ੍ਰਵਚਨ ਸਮਝ ਪੈਂਦਾ ਹੈ। ਉਸਦੀ ਸ਼ਿਅਰਕਾਰੀ ਦਾ ਨਮੂਨਾ ਵੇਖੋ- "ਔਰਤ ਆਪ ਨਾ ਬੋਲੇ, ਬੋਲਣ ਅੱਖ ਲਿਸ਼ਕਦੇ ਅੱਥਰੂ/ ਔਰਤ ਆਪ ਨਾ ਬੋਲੇ ਬੋਲੇ ਉਹਦੀ ਚੁੱਪ ਜ਼ੁਬਾਨ।" ਜਾਂ ਉਹ ਇਸ ਔਰਤਪਣ ਨੂੰ ਥੋੜ੍ਹਾ ਵਿਸਥਾਰਦਾ ਉਸਦੀ ਹੋਂਦ ਨੂੰ ਹੋਰ ਸਪੱਸ਼ਟ ਕਰਦਾ ਹੈ ਜਿੱਥੇ ਉਹ "ਔਰਤ ਚੰਗੀ ਤਾਜ ਸਿਰਾਂ ਦਾ, ਚੰਗੀ ਤੀਵੀਂ ਰਾਣੀ/ ਔਰਤ ਚੰਗੀ ਇਕ ਰਿਆਸਤ, ਮਰਦ ਜ੍ਹਿਦਾ ਸੁਲਤਾਨ।"26 ਆਖਦਾ ਹੈ। 'ਇਕ ਚੁੱਪ ਸੌ ਸੁੱਖ' ਦੇ ਮੁਹਾਵਰੇ ਨੂੰ ਉਹ ਤਲਖ ਭਾਸ਼ਾ ਵਿਚ ਨਹੀਂ ਤੋੜਦਾ, ਬੜੇ ਸਹਿਜ ਦੇ ਵਿਚ ਆਪਣੀ ਗੱਲ ਕਰਦਾ ਆਖਦਾ ਹੈ ਕਿ "ਔਰਤ ਚਾਹੇ ਕਿੰਨੀ ਮੂਰਖ ਗੱਲ ਮਰਦਾਂ ਦੀ ਸਮਝੇ/ ਔਰਤ ਚਾਹੇ ਕਿੰਨੀ ਮੂਰਖ ਮਰਦਾਂ ਤੋਂ ਹੁਸ਼ਿਆਰ।"28 ਔਰਤ ਦੇ ਮਾਂ ਪੁਣੇ ਨੂੰ ਉਹ ਪ੍ਰਚਲਿਤ ਦੰਤ ਕਥਾਵਾਂ, ਮਿੱਥਾਂ ਨਾਲ ਜੋੜ ਕੇ ਵਿਸਥਾਰਦਾ ਹੈ। ਮਿਸਾਲ ਵਜੋਂ –

'ਮਾਂ ਮਰਦੀ ਵੀ ਦਏ ਅਸੀਸਾਂ, ਮਾਂ ਦਾ ਦਿਲ ਦਰਿਆ

ਮਾਂ ਮਰਦੀ ਵੀ ਕਹੇ ਖੁਦਾਇਆ ਬੱਚੇ ਪੁਲ ਤੋਂ ਪਾਰ।29

ਜਾਂ

ਮਾਂ ਨਾ ਜਿਹੜੇ ਘਰ ਵਿਚ ਬੱਚੇ ਪਕ ਪਕਾ ਕੇ ਕੱਚੇ/

ਮਾਂ ਨਾ ਜਿਹੜੇ ਘਰ ਵਿਚ ਬੱਚੇ ਨਹੀਂ ਸਿੱਖਦੇ ਈਮਾਨ।30

ਇੱਥੇ ਉਸਦਾ ਦਰਸ਼ਨ ਉਸਰਦਾ ਹੈ ਜਿੱਥੇ ਉਹ ਵਾਰਿਸ ਦੀ ਕਾਵਿ-ਮੈਂ ਵਾਂਗ ਮੱਤਾਂ ਦਿੰਦਾ ਹੈ। "ਮਾਪਿਆਂ ਅੱਗੇ ਝੁਕੇ ਤੇ ਗਰਦਨ, ਇਸ ਬੰਦੇ ਦੀ ਉੱਚੀ/ ਮਾਪਿਆਂ ਅੱਗੇ ਝੁਕੇ ਤੇ ਗਰਦਨ, ਫਿਰ ਬਣਦਾ ਇਨਸਾਨ।"31 ਜਾਂ "ਮਾਪਿਆਂ ਦੀ ਛਾਂ ਬਹੁਤੀ ਸੰਘਣੀ ਬੰਦਿਆਂ ਦੇ ਕੱਦ ਛੋਟੇ/ ਸੰਘਣੀ ਛਾਂ ਫਸਲਾਂ ਦੀ ਦੁਸ਼ਮਣ ਫਸਲਾਂ ਆਰ ਨਾ ਪਾਰ।"32 ਇਹ ਆਪਮੁਹਾਰਤਾ ਹੈ ਜਿੱਥੇ ਉਸਦਾ ਅੰਦਰਲਾ ਪ੍ਰਵਚਨਕਾਰ ਹੈ। ਜਿੱਥੇ ਉਹ ਇਸ਼ਕ ਨੂੰ ਸਭ ਦੀ ਸਿਖਰ ਮੰਨਦਾ ਹੈ। ਇਸ਼ਕ ਦੀ ਵਿਆਖਿਆ ਕਰਨ ਦੀ ਬਜਾਇ ਐਲਾਨ ਕਰਦਾ ਹੈ ਕਿ "ਰਿਸ਼ਤਾ ਇਸ਼ਕ ਮੁੱਹਬਤਾਂ ਦਾ ਹੀ ਅਸਲ ਪੱਕਾ ਰਿਸ਼ਤਾ, ਰਿਸ਼ਤਾ ਇਸ਼ਕ ਮੁਹੱਬਤਾਂ ਦਾ ਜੇ ਸਮਝ ਸਕੇ ਇਨਸਾਨ।"33 ਜਾਂ "ਰਿਸ਼ਤਿਆਂ ਵਿਚ ਬਪਾਰ ਜ਼ਿੰਦੜੀਏ ਅੱਤ ਕਮੀਨੇ ਸੌਦੇ/ ਰਿਸ਼ਤਿਆਂ ਵਿਚ ਬਪਾਰ ਜਿੰਦੜੀਏ ਨਫਿਆਂ ਵਿਚ ਨੁਕਸਾਨ।"34 ਇਹ ਸ਼ਿਅਰਕਾਰੀ ਉਹ ਰਾਹ ਲੱਭਦੀ ਹੈ ਜਿੰਨਾਂ ਦੀ ਤਲਾਸ਼ ਸਿਰਫ਼ ਹਰਬੰਸ ਭੱਲਾ ਕਰ ਸਕਦਾ ਸੀ।

ਦੂਜੀ ਸੈਂਚੀ ਵਿਚ ਉਹ ਸ਼ਮ੍ਹਾਂ, ਸੋਹਣੀ, ਆਦਮ, ਪਰੀਆਂ, ਤਨ, ਮਨ, ਅੱਖ, ਬੁੱਲ੍ਹ, ਹੱਥ. ਚਿਹਰਾ, ਸਿਰ, ਢਿੱਡ, ਕੰਨ, ਜੀਭ, ਫ਼ਨ, ਫ਼ਨਕਾਰ, ਖ਼ੁਦ-ਏਤਮਾਦੀ, ਜੱਗ, ਇਤਬਾਰ ਨੂੰ ਆਧਾਰ ਵਿਚ ਰੱਖ ਕੇ ਆਪਣੀ ਕਲਪਨਾ ਦੀਆਂ ਉਡਾਰੀਆਂ ਭਰਦਾ ਹੈ। ਇੱਥੇ ਉਸਦਾ ਕੇਂਦਰ ਇਸ਼ਕ ਬਣਦਾ ਹੈ। ਉਹ ਇਸ਼ਕ ਦੇ ਅਰਥ ਦੀਆਂ ਵਿਦਵਾਨੀ ਸੀਮਾਵਾਂ ਨੂੰ ਉਲੰਘ ਕੇ ਬਹੁਤੀ ਥਾਈਂ ਧਰਮ ਨਾਲ ਜੋੜਦਾ ਹੈ ਜਾਂ ਮੱਧਕਾਲੀ ਕਥਾਵਾਂ ਨਾਲ। ਜਿੱਥੋਂ ਇਸ਼ਕ ਦੀ ਸੁੱਚਤਾ ਦਾ ਪ੍ਰਵਚਨ ਉਸਰਦਾ ਹੈ। ਅਜਿਹਾ ਕਰਦਿਆਂ ਉਹ ਸ਼ਮ੍ਹਾਂ ਨੂੰ ਕੇਂਦਰ ਵਿਚ ਰੱਖ ਕੇ ਜਿੱਥੋਂ ਆਪਣੀ ਗੱਲ ਸ਼ੁਰੂ ਕਰਦਾ ਹੈ ਉੱਥੇ 'ਇਸ਼ਕ ਆਸ਼ਕ ਪਰਵਾਨੇ' ਹਨ ਅਤੇ ਆਸ਼ਕ 'ਦਿਲ ਪਰਧਾਨ' ਹਨ। ਇੱਥੋਂ ਉਹ ਸ਼ਮ੍ਹਾਂ ਨੂੰ ਸ਼ਹੀਦਾਂ ਨਾਲ ਜੋੜਦਾ ਹੈ ਜਿੱਥੇ ਉਸਦਾ ਰੰਗ ਹੋਰ ਨਿੱਖਰਦਾ ਹੈ ਇਹ ਰੰਗ ਇਸ਼ਕ ਦੇ ਰੰਗ ਦਾ ਵਿਸਥਾਰ ਵੀ ਬਣਦਾ ਹੈ ਅਤੇ ਪਾਠਕ ਦੀ ਸਮਝ ਦੀਆਂ ਸੀਮਾਵਾਂ ਨੂੰ ਉਲੰਘਦਾ ਹੈ। ਉਸਨੂੰ ਭੱਲਾ ਇਸ ਤਰ੍ਹਾਂ ਆਖਦਾ ਹੈ –

ਸ਼ਮ੍ਹਾਂ ਸ਼ਹਾਦਤ ਜਿਸ ਨੇ ਬਾਲੀ ਉਹ ਚਾਨਣ ਦਾ ਖਲਿਕ
ਸ਼ਮ੍ਹਾਂ ਸ਼ਹਾਦਤ ਜਿਸਨੇ ਬਾਲੀ ਉਹ ਅਸਲੀ ਸਰਦਾਰ।35

ਇੱਥੇ ਉਹ ਸ਼ਹੀਦੀ ਦੇ ਅਰਥ ਨੂੰ ਸ਼ਮ੍ਹਾਂ ਨਾਲ ਜੋੜ ਕੇ ਗੂੜਾ ਕਰ ਰਿਹਾ ਹੈ। ਉਹ ਜਿਸ ਚਾਨਣ ਦੀ ਗੱਲ ਕਰਦਾ ਹੈ "ਸ਼ਮ੍ਹਾਂ ਸ਼ਹੀਦਾਂ ਨੇ ਜੋ ਬਾਲੀ ਉਸਦਾ ਚਾਨਣ ਹੋਰ/ ਸ਼ਮ੍ਹਾਂ

ਸ਼ਹੀਦਾਂ ਨੇ ਜੋ ਬਾਲੀ ਉਹਦਾ ਵੱਖ ਖੁਮਾਰ। ਸ਼ਮ੍ਹਾਂ ਸ਼ਹੀਦਾਂ ਨੇ ਜੋ ਬਾਲੀ ਉਸਨੇ ਸਦੀਆਂ ਬਲਣਾ/ ਸ਼ਮ੍ਹਾਂ ਸ਼ਹੀਦਾਂ ਨੇ ਜੋ ਬਾਲੀ ਸਦੀਆਂ ਜਿੰਦ ਖੁਮਾਰ।"36 ਇੱਥੇ ਉਹ ਸ਼ਮਾਂ੍ਹ ਅੰਦਰਲੀ ਉਸ ਚੀਜ਼ ਦੀ ਸ਼ਨਾਖਤ ਕਰਦਾ ਹੈ ਜਿਸ ਉੱਪਰ ਆਸ਼ਕ ਇਤਬਾਰ ਕਰਦਾ ਹੈ ਅਤੇ ਉਸ ਵੱਲ ਖਿੱਚਿਆ ਜਾਂਦਾ ਹੈ। ਇਸ ਨੂੰ ਵਿਸਥਾਰਦਾ ਉਹ ਇਸ ਨੂੰ ਸੋਹਣੀ ਨਾਲ ਜੋੜਦਾ ਹੈ ਜਿੱਥੇ "ਸੋਹਣੀ ਜੇ ਨਾ ਇਸ਼ਕ ਚ ਡੁੱਬਦੀ ਇਸ਼ਕ ਉਹਦਾ ਡੁੱਬ ਜਾਂਦਾ/ ਸੋਹਣੀ ਜੇ ਨਾ ਇਸ਼ਕ ਚ ਡੁੱਬਦੀ ਡੁੱਬ ਜਾਂਦਾ ਇਮਾਨ।"37 ਇੱਥੇ ਉਹ ਸੋਹਣੀ ਵੱਲੋਂ ਇਸ਼ਕ ਨੂੰ ਮਿਲੀਆਂ ਰੌਸ਼ਨੀਆਂ ਦਾ ਜ਼ਿਕਰ ਕਰਦਾ ਹੈ। ਜਿਸ ਤਰ੍ਹਾਂ ਸ਼ਮ੍ਹਾਂ ਅਤੇ ਆਸ਼ਕ ਦਾ ਜੁੱਟ ਬਣਦਾ ਹੈ ਉਸ ਤਰ੍ਹਾਂ ਸੋਹਣੀ ਅਤੇ ਝਨਾਂ ਦਾ ਜ਼ਿਕਰ ਬਣਦਾ ਹੈ। ਸੋਹਣੀ ਬਾਰੇ ਪ੍ਰੋ. ਪੂਰਨ ਸਿੰਘ, ਹਰਿੰਦਰ ਸਿੰਘ ਮਹਿਬੂਬ ਨੇ ਸਾਰੀਆਂ ਘੇਰਾਬੰਦੀਆਂ ਤੋੜ ਕੇ ਲਿਖਿਆ ਹੈ। ਭੱਲਾ ਵੀ ਇਸ ਇਸ਼ਕ ਦੀ ਪ੍ਰਮਾਣਿਕਤਾ ਤੇ ਮੋਹਰ ਲਾਉਂਦਾ ਹੈ ਜਿੱਥੇ ਉਹ ਲਿਖਦਾ ਹੈ ਕਿ

ਸੋਹਣੀ ਡੁੱਬ ਕੇ ਰੂਪ ਆਗਣ ਵਿਚ ਬਾਲ ਗਈ ਇਕ ਦੀਵਾ
ਸੋਹਣੀ ਡੁੱਬ ਕੇ ਇਸ਼ਕ ਨੂੰ ਦੇ ਗਈ ਰੌਸ਼ਨੀਆਂ ਕੁਝ ਦਾਨ।
ਸੋਹਣੀ ਡੁੱਬ ਕੇ ਚੜ੍ਹੀ ਝਨਾਂ ਵਿਚ ਇਸ਼ਕ ਦਾ ਉੱਚਾ ਨਾਂ
ਸੋਹਣੀ ਡੁੱਬੀ ਚੜ੍ਹੀ ਝਨਾਂ ਵਿਚ ਹੁਸਨ ਦੀ ਉੱਚੀ ਸ਼ਾਨ
ਸੋਹਣੀ ਡੁੱਬੀ ਚੜ੍ਹੀ ਝਨਾਂ ਵਿਚ ਹੁਸਨ ਨੂੰ ਮਿਲ ਗਿਆ ਨਾਂ
ਸੋਹਣੀ ਡੁੱਬੀ ਚੜ੍ਹੀ ਝਨਾਂ ਵਿਚ ਇਸ਼ਕ ਦਾ ਕੀ ਨੁਕਸਾਨ।38

ਉਹ ਅਗਲੇ ਸ਼ਿਅਰਾਂ ਵਿਚ ਪਰੀਆਂ ਨੂੰ ਮੌਤ ਨਾਲ ਜੋੜਦਾ ਹੈ। "ਪਰੀਆਂ ਮਰਦ ਜਿਹੜੇ ਦੀਆਂ ਆਸ਼ਕ, ਉਹਦੀ ਮੌਤ ਕਰੀਬ/ ਪਰੀਆਂ ਮਰਦ ਜਿਹੜੇ ਦੀਆਂ ਆਸ਼ਕ ਸਿਰਫ਼ ਦਿਹਾੜੇ ਚਾਰ। ਪਰੀਆਂ ਨਾਲ ਯਰਾਨੇ ਜਿੰਦੇ ਆਦਮ ਦੀ ਬਰਬਾਦੀ/ ਪਰੀਆਂ ਨਾਲ ਯਰਾਨੇ ਲਾ ਕੇ ਇਸ਼ਕ ਜ਼ਲੀਲ-ਓ-ਖੁਆਰ।"39 ਇੱਥੇ ਪਾਠਕ ਟਪਲਾ ਖਾ ਜਾਂਦਾ ਹੈ ਕਿ ਆਪਾ ਵਿਰੋਧ ਹੈ ਪਰ ਭੱਲਾ ਜਿਸ ਸੰਦਰਭ ਵਿਚ ਇਹ ਪ੍ਰਸੰਗ ਉਲੀਕ ਰਿਹਾ ਹੈ ਉਸਨੂੰ ਸਮਝਣਾ ਜ਼ਰੂਰੀ ਹੈ। ਇਸ਼ਕ ਦੀ ਜਿਹੜੀ ਰਮਜ਼ ਵਾਰਿਸ ਫੜ੍ਹਦਾ ਹੈ, ਉਹ ਰਮਜ਼ ਦੇ ਰਾਹ ਭੱਲਾ ਤੁਰਦਾ ਹੈ। ਹੀਰ ਤੇ ਰਾਂਝੇ ਦੇ ਮੇਲ 'ਤੇ ਵਾਰਿਸ ਆਖਦਾ ਹੈ ਕਿ "ਰਾਂਝੇ ਉੱਠ ਕੇ ਆਖਿਆ 'ਵਾਹ ਸੱਜਣ!' ਹੀਰ ਹੱਸ ਕੇ ਮਿਹਰਬਾਨ ਹੋਈ।"40 ਦੂਜਾ ਮਸਲਾ "ਲਿਖਿਆ ਲੇਖ ਅਜ਼ਲ ਦਾ ਆਹਾ, ਦਰਦ ਰੰਞੇਟੇ ਵਾਲਾ ਮਾਂ"41 ਭੱਲਾ ਇਸ ਰੰਗ ਨੂੰ ਵਾਰਿਸ ਵਾਂਗ ਰੰਗਦਾ ਹੈ। ਜਿੱਥੇ ਉਹ ਆਖਦਾ ਹੈ ਕਿ "ਅੱਖ ਮਿਲੀ ਤੇ ਦਿਲ ਦੀਆਂ

ਅੱਧੀਆਂ ਪੀੜਾਂ ਯਾਰ ਹਵਾਲੇ/ ਅੱਖ ਮਿਲੀ ਤੇ ਦਿਲ ਨੂੰ ਮਿਲ ਗਿਆ ਦਰਦਾਂ ਦਾ ਦਰਮਾਨ।"42 ਅਜਿਹੀ ਅਵਸਥਾ ਵਿਚ ਉਸਦੀ ਕਾਵਿ-ਮੈਂ ਪਾਰ ਜਾਂਦੀ ਹੈ। ਉਸਦੇ ਆਪਣੇ ਕਹਿਣ ਮੁਤਾਬਿਕ "ਅੱਖ ਕਵੀ ਦੀ ਅੰਬਰਾਂ ਤੋਂ ਵੀ ਅੱਗੇ ਜਾ ਜਾ ਵੇਖੇ/ ਅੱਖ ਕਵੀ ਦੀ ਵੇਖ ਲਿਆ ਕੀ ਅੰਬਰਾਂ ਦਾ ਈਮਾਨ।"43 ਅੱਖ ਦੇ ਸਮਾਂਨਾਤਰ ਖੁੱਲ੍ਹੀ ਅੱਖ ਦਾ ਵਿਖਿਆਨ ਕਰਦਾ ਉਹ ਆਖਦਾ ਹੈ ਕਿ "ਅੱਖ ਖੁੱਲ੍ਹੀ ਨਾਲ ਵੇਖੇਂ ਤੇ ਇਹ ਧਰਤੀ ਖ਼ੁਦ ਇਕ ਜੰਨਤ/ ਅੱਖ ਖੁੱਲ੍ਹੀ ਨਾਲ ਵੇਖੇਂ ਤੇ ਤੂੰ ਆਪ ਅੱਧਾ ਭਗਵਾਨ।"44 ਇਸ਼ਕ ਦੇ ਮਸਲੇ ਵਿਚ ਉਹ ਕੁਰਬਾਨ ਹੋਣ ਦੇ ਰਾਹ ਤੋਰਦਾ ਹੈ ਜਿੱਥੇ ਪਹੁੰਚ ਕੇ ਉਹ ਕੱਫਨ ਦੇ ਪ੍ਰਤੀਕ ਰਾਹੀਂ ਸਾਰੀ ਘੁੰਡੀ ਖੋਲਦਾ ਹੈ। "ਸਿਰ ਤੇ ਕੱਫਨ ਲਪੇਟ ਜੋ ਨਿਕਲੇ, ਉਸ ਲਈ ਮੁਸ਼ਕਲ ਕੀ/ ਸਿਰ ਤੇ ਕੱਫਨ ਲਪੇਟ ਜੋ ਨਿਕਲੇ ਉਹਦਾ ਲਈ ਕੀ ਦੁਸ਼ਵਾਰ।"45 ਭੱਲਾ ਮਨੁੱਖ ਦੀ ਦੇਹ ਦੀ ਅੰਗਕਾਰੀ ਦਾ ਪ੍ਰਵਚਨ ਸਿਰਜਦਾ ਹੈ ਜਿੱਥੇ ਉਹ ਅੱਖ, ਕਮਨ, ਬੁੱਲ੍ਹ, ਮੂੰਹ ਜ਼ਰੀਏ ਦੇਹੀ ਪ੍ਰਵਚਨ ਸਿਰਜਦਾ ਹੈ। ਉਹ ਬੁੱਲ੍ਹਾਂ ਜਰੀਏ ਜਵਾਨੀ ਦੀ ਸ਼ਨਾਖਤ ਕਰਦਾ ਹੈ ਜਿੱਥੇ ਜਵਾਨੀ ਦੇ ਵਿਚ ਬੁੱਲ੍ਹਾਂ ਨੂੰ 'ਕੰਡਿਆਂ ਤੋਂ ਤਿੱਖੇ' ਅਤੇ 'ਦੋਧਾਰੀ ਤਲਵਾਰ' ਆਖਦਾ ਹੈ। ਅਜਿਹੀ ਸਥਿਤੀ ਵਿਚ ਉਹ ਤਰਕ ਅਤੇ ਰਹੱਸ ਵਿਚਲਾ ਰਾਹ ਅਪਨਾਉਂਦਾ ਹੈ। ਜਿੱਥੇ ਉਹ ਕਰਮ ਨੂੰ ਵੀ ਮਾਨਤਾ ਦਿੰਦਾ ਹੈ ਅਤੇ ਬੰਦੇ ਨੂੰ ਜ਼ਿੰਮੇਵਾਰ ਵੀ ਮੰਨਦਾ ਹੈ। "ਹੱਥ ਮੇਰੇ ਦੀਆਂ ਕੁੱਝ ਲੀਕਾਂ ਤੇ ਉੱਪਰ ਵਾਲੇ ਖਿੱਚੀਆਂ/ ਹੱਥ ਮੇਰੇ ਦੀਆਂ ਲੀਕਾਂ ਦਾ ਮੈਂ ਖੁਦ ਜ਼ਿੰਮੇਵਾਰ।" ਹੱਥ ਨਾਲ ਉਹ ਦੁਆ ਦਾ ਦਰਵਾਜਾ ਖੋਲ੍ਹਦਾ ਹੈ ਜਿੱਥੇ ਬੰਦਾ ਇਨਸਾਨ ਹੋਣ ਦੇ ਰਾਹ ਤੁਰਦਾ ਹੈ।

ਸੈਂਚੀ ਤਿੰਨ ਵਿਚ ਭੱਲਾ ਸਾਹ, ਸਿਹਤ-ਦੁੱਖ, ਚਿੰਤਾ-ਜਖ਼ਮ, ਸੱਟ-ਰੋਗ, ਪੀੜ-ਸ਼ੱਕ, ਹਸਦ-ਰਹਿਮ, ਕਰਮ, ਚਾਲ, ਚਲਨ, ਸ਼ਰਮ, ਲਾਲਚ, ਲੋਭ, ਕਰਜ਼, ਮੁਆਫ਼ੀ, ਦਾਨ ਨੂੰ ਕੇਂਦਰ ਵਿਚ ਰੱਖ ਕੇ ਸ਼ਿਅਰਕਾਰੀ ਕਰਦਾ ਹੈ ਜਿੱਥੇ ਉਹ ਜ਼ਿੰਗਦੀ ਦੀਆਂ ਤਲਖੀਆਂ ਦੇ ਰੂ-ਬਰੂ ਹੁੰਦਾ ਹੈ। ਇਹ ਤਲਖੀਆਂ ਬੰਦੇ ਅੰਦਰਲੇ ਕਰਮ ਨੂੰ ਜਿਸ ਅਹਿਸਾਸ ਦੇ ਰੂ-ਬਰੂ ਕਰਦੀਆਂ ਹਨ ਉੱਥੇ ਬੰਦੇ ਦੇ ਕਰਮ ਭਾਰੂ ਹਨ। ਉਸ ਅੰਦਰਲੀ 'ਕਾਵਿ-ਮੈਂ' ਹਉਮੈ ਅਤੇ ਸਾਹਾਂ ਦਾ ਲਘੂਤਮ ਕੱਢ ਰਹੀ ਹੈ ਜਿੱਥੇ ਉਹ ਇਸ ਸਿੱਟੇ ਤੇ ਉੱਪੜਦਾ ਹੈ ਕਿ "ਸਾਹ ਨੂੰ ਕੋਈ ਕਿੰਨਾ ਰੋਕ ਲਵੇਗਾ ਸਾਹ ਨੇ ਆਖਰ ਜਾਣਾ/ ਸਾਹ ਕੋਈ ਕਿੰਨਾ ਰੋਕ ਲਵੇਗਾ ਸਾਹ ਪਲ ਦਾ ਮਹਿਮਾਨ"46 ਇਸ ਮਸਲੇ ਨੂੰ ਉਹ ਦੇਹ ਨਾਲ ਜੋੜਦਾ ਹੈ ਜਿੱਥੇ ਦੇਹ ਸਕੰਡਰੀ ਹੈ, "ਸਿਹਤ ਬਿਨਾਂ ਇਹ ਇਲਮ ਤੇ ਦੌਲਤ ਦੋ ਬੇਕਾਰ ਫਰਿਸ਼ਤੇ/ ਸਿਹਤ ਬਿਨਾਂ ਇਹ

ਇਲਮ ਤੇ ਦੌਲਤ ਜ਼ਿਹਨ ਜਿਸਮ ਤੇ ਭਾਰ"47 ਇਹ ਨੁਕਤਾ ਸਪੱਸ਼ਟ ਹੋ ਜਾਂਦਾ ਹੈ ਕਿ ਸਾਹ ਤੋਂ ਬਾਅਦ ਸਿਹਤ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨ੍ਹਾਂ ਗਿਆਨ, ਦੌਲਤ ਕਿਸੇ ਕੰਮ ਨਹੀਂ। ਅਗਲਿਆਂ ਬੰਦਾਂ ਵਿਚ ਉਹ "ਸਿਹਤ ਸਲਾਮਤ ਚਾਹੀਦੀ ਪੈਸਾ ਚੀਜ਼ ਕਿਹੜੀ ਨੀ ਜ਼ਿੰਦੇ/ ਸਿਹਤ ਸਲਾਮਤ ਚਾਹੀਦੀ ਪੈਸਾ ਰਾਹ ਦਾ ਧੂੜ ਗੁਬਾਰ"48 ਆਖਦਾ ਹੈ। ਇਸ ਅਹਿਸਾਸ ਨਾਲ ਚਿੰਤਾ ਜੁੜੀ ਹੈ ਚਿੰਤਾ ਜਿਸਨੂੰ ਚਿਖਾ ਸਮਾਨ ਆਖਿਆ ਜਾਂਦਾ ਹੈ। ਜ਼ਿੰਦ ਅਤੇ ਚਿੰਤਾ ਦਾ ਸਿੱਧਾ ਵਾਰਤਾਪਾਲ ਹੈ। "ਚਿੰਤਾ ਜਿਸ ਦੀ ਆਦਤ ਬਣ ਗਈ ਉਹ ਜ਼ਿੰਦ ਫਿਕਰ ਸਿਕੰਜੇ/ ਚਿੰਤਾ ਜਿਸ ਦੀ ਆਦਤ ਬਣ ਗਈ ਉਹ ਜ਼ਿੰਦੜੀ ਬੀਮਾਰ।"49 ਇਸੇ ਲੜੀ ਵਿਚੋਂ ਰੋਗ ਜਨਮਦੇ ਹਨ। ਇਸੇ ਰੋਗ ਨੂੰ ਦੇਹ ਨਾਲ ਜੋੜ ਕੇ ਭੱਲਾ ਬਿਆਨਦਾ ਹੈ "ਰੋਗ ਜਿਨ੍ਹਾਂ ਦੇ ਲੰਮੇ ਉਹ ਤੇ ਵੈਦਾਂ ਦੇ ਕਰਜ਼ਾਈ/ ਰੋਗ ਜਿਨ੍ਹਾਂ ਦੇ ਲੰਮੇ ਉਹਨਾਂ ਕਰਨੇ ਕੀ ਕੁਝ ਦਾਨ।"50 ਇਸ ਨੁਕਤੇ ਨੂੰ ਵਿਿਖਆਨਦਾ ਉਹ ਇਸ਼ਕ ਦੇ ਮੂਲ ਨੂੰ ਪਛਾਣਦਾ ਹੈ "ਮੁਆਫ ਇਸ਼ਕ ਵਿਚ ਕੋਈ ਨ੍ਹੀਂ ਕਰਦਾ, ਨਾ ਕੋਈ ਮੰਗਦਾ ਮਾਫੀ/ ਇਸ਼ਕ ਚ ਦੋਵੇਂ ਧਿਰਾਂ ਬਰਾਬਰ ਇਕ ਦੂਜੇ ਦੀ ਜਾਨ।"51 ਇੱਥੇ ਉਹ ਇਸ਼ਕ ਦੀ ਬਾਰੀਕ ਤੰਦ ਨੂੰ ਛੂਹਦਾ ਹੈ ਜਿਹੜੀ ਸਾਡੀ ਪਰੰਪਰਾ ਵਿਚ ਪਈ ਹੈ। ਇਸ ਭਾਗ ਵਿਚ ਉਹ ਕਰਮ ਦੀ ਅਹਿਮੀਅਤ ਨੂੰ ਪਛਾਣਦਾ ਹੈ। ਇਸ ਕਰਮ ਦੇ ਨਕਸ਼ ਉਸਦੀ ਤਾਸੀਰ ਮੁਤਾਬਿਕ ਧਰਮ ਦਰਸ਼ਨ ਨਾਲ ਜੁੜਦੇ ਹਨ ਪਰ ਉਹ ਧਰਮ ਦੇ ਦਰਸ਼ਨ ਨੂੰ ਬੁੱਲ੍ਹੇ ਸ਼ਾਹ ਵਾਂਗ ਵੇਖਦਾ ਹੈ। "ਕਰਮ ਬੰਦੇ ਨੂੰ ਦੱਸੇ ਰਸਤਾ ਸਾਫ ਕਰੀਦਾ ਕਿੱਦਾਂ/ ਕਰਮ ਬੰਦੇ ਨੂੰ ਦੱਸੇ ਰਸਤਾ ਕਿਹੜਾ ਜਾਂਦਾ ਪਾਰ।"52 ਇੱਥੇ ਉਹ ਰਸੀਦ ਦੇ ਪ੍ਰਤੀਕ ਜ਼ਰੀਏ ਦਾਨ ਵਸੂਲੀ ਨੂੰ ਪਰਿਭਾਸ਼ਿਤ ਕਰ ਰਿਹਾ ਹੈ। "ਦਾਨ ਵਸੂਲੀ ਅਜ ਇਕ ਪੇਸ਼ਾ, ਚੁੱਕੀ ਫਿਰਨ ਰਸੀਦਾਂ/ ਦਾਨ ਵਸੂਲੀ ਅੱਜ ਇਕ ਪੇਸ਼ਾ ਪੇਸ਼ਾ ਸਦਾ ਬਪਾਰ।"53

ਚੌਥੇ ਭਾਗ ਵਿਚ ਭੱਲਾ ਉੱਚੇ, ਗਹਿਰੇ, ਵੱਡੇ, ਛੋਟੇ, ਭੈੜੇ, ਜ਼ਾਲਮ, ਜਜ਼ਬੇ, ਲੋੜ, ਮਜ਼ਹਬ, ਮੁਨਸਿਫ਼, ਮੂਰਖ਼, ਸਮਝਾਂ, ਸਿੱਖਿਆ, ਖੇਡ, ਖੋਜ, ਹੁਸ਼ਿਆਰੀ, ਕਾਰਨ' ਨੂੰ ਕੇਂਦਰ ਵਿਚ ਟਿਕਾਉਂਦਾ ਹੈ। ਹੁਸਨ ਨੂੰ ਉਹ ਗੂਹੜੇ ਰੰਗ ਨਾਲ ਜੋੜਦਾ ਹੈ। ਇਸ਼ਕ ਨੂੰ ਸ਼ਾਇਰੀ ਨੇ ਅਸਮਾਨ ਵਰਗਾ ਵੀ ਕਿਹਾ ਹੈ, ਮਜੀਠੇ ਰੰਗ ਦੀ ਵੀ। ਭੱਲਾ ਆਖਦਾ ਹੈ "ਗਹਿਰੇ ਗੂਹੜੇ ਰੰਗ ਹੁਸਨ ਨੂੰ ਕਰਦੇ ਹੋਰ ਸਵਾਇਆ/ ਗਹਿਰੇ ਗੂੜ੍ਹੇ ਰੰਗ ਹੁਸਨ ਦੀ ਕਰਨ ਸਵਾਈ ਸ਼ਾਨ।"54 ਇੱਥੇ ਉਹ ਹੁਸ਼ਿਆਰੀ ਨੂੰ ਦੁਨਿਆਵੀਪਨ ਨਾਲ ਜੋੜਦਾ ਹੈ। ਹੁਸ਼ਿਆਰੀ ਅਤੇ ਇਸ਼ਕ ਦਾ ਸਬੰਧ ਨਹੀਂ ਬਣਦਾ। "ਹੁਸ਼ਿਆਰੀ ਤਾਂ ਇਸ਼ਕ ਚ ਜ਼ਿੰਦੇ ਇਸ਼ਕ ਤੇ ਅੱਲੜ੍ਹ

ਚੰਗਾ/ ਹੁਸ਼ਿਆਰੀ ਤੇ ਇਸ਼ਕ ਚ ਜ਼ਿੰਦੇ ਇਸ਼ਕ ਸਦਾ ਨਾਦਾਨ।"55 ਇਸ ਭਾਗ ਵਿਚ ਉਹ ਗਹਿਰਾਈ ਬਾਰੇ "ਗਹਿਰੀ ਗੱਲ ਦਾ ਇਕੋ ਮਤਲਬ ਗੱਲ ਇਸ਼ਾਰਿਆਂ ਅੰਦਰ/ ਗਹਿਰੀ ਗੱਲ ਦਾ ਇਕੋ ਮਤਲਬ ਪਰਦੇ ਪਹਿਰੇਦਾਰ।"56 ਵੱਡੇ ਨੂੰ ਬਗਾਵਤ ਨਾਲ ਵੀ ਜੋੜਦਾ ਹੈ ਅਤੇ ਜੱਗ ਤੋਂ ਜ਼ਿੰਦੜੀ ਵਾਰਨ ਨਾਲ ਜੋੜਦਾ ਹੈ। "ਵੱਡਾ ਉਹ ਜਿਨ੍ਹੇ ਵਕਤ ਸਮੇਂ ਦੇ ਪੈਰੀ ਝਾਜ਼ਰ ਪਾਈ/ ਵੱਡਾ ਉਹ ਜਿਨ੍ਹੇ ਜੱਗ ਦੁਨੀਆਂ ਤੋਂ ਜ਼ਿੰਦੜੀ ਦਿੱਤੀ ਵਾਰ।"57 ਇੱਥੇ ਉਹ ਵੱਡੇਪਣ ਨੰ ਦੇਸ਼ ਵਤਨ ਤੋਂ ਪਾਰ ਕਰਦਾ ਹੈ ਜਿੱਥੇ ਵੱਡਾ ਪਣ ਇਸ਼ਕ ਦੀ ਤਾਸੀਰ ਵਰਗਾ ਹੈ, ਧਰਮ ਦੀ ਮਾਨਵਤਾ ਵਰਗਾ ਹੈ। "ਵੱਡੇ ਬੰਦੇ ਦੇਸ਼ ਵਤਨ ਦੀਆਂ ਹੱਦ ਬੰਦੀਆਂ ਤੋਂ ਉੱਪਰ/ ਵੱਡੇ ਬੰਦੇ ਧਰਮ ਕੋਈ ਵੀ ਧੁਰ ਅੰਦਰੋਂ ਇਨਸਾਨ।"58 ਪਵਿੱਤਰ ਅਤੇ ਪਾਪੀ ਨੂੰ ਸਮਾਂਨਾਤਰ ਰੱਖ ਕੇ ਜੋ ਪ੍ਰਵਚਾਨ ਉਸਾਰਦਾ ਹੈ ਉੱਥੇ ਉਹ ਜ਼ਾਲਮ ਨੂੰ ਪਛਾਣ ਕੇ ਉਸਨੂੰ ਮਾਨਵਤਾ ਤੋਂ ਖਾਲੀ ਆਖਦਾ ਹੈ।

ਜ਼ਾਲਮ ਦੇ ਵਿਚ ਖਾਮੀ ਖਾਲੀ ਮਾਨਵਤਾ ਦਾ ਘਾਟਾ
ਜ਼ਾਲਮ ਦੇ ਵਿਚ ਖਾਮੀ ਜ਼ਾਲਮ ਨਹੀਂ ਬਣਦਾ ਇਨਸਾਨ।"59
ਜ਼ੁਲਮ ਦਾ ਮਤਲਬ ਇਹ ਵੀ ਜ਼ਾਲਮ ਅਕਲ ਸਮਝ ਦਾ ਕੱਚਾ
ਜ਼ੁਲਮ ਦਾ ਮਤਲਬ ਇਹ ਵੀ ਜ਼ਾਲਮ ਸੋਚ ਅਜੇ ਨਾਦਾਨ।"60

ਪਰ ਉਹ ਜ਼ਾਲਮ ਅੰਦਰੋਂ ਵੀ ਪਿਆਰ ਨੂੰ ਤਲਾਸ਼ਦਾ ਹੈ ਜਿੱਥੇ ਉਹ ਜ਼ਾਲਮ ਦੀ ਧਿਰ ਦੀ ਨਿਸ਼ਾਨਦੇਹੀ ਕਰਦਾ ਹੈ। "ਜ਼ਾਲਮ ਦਿਲ ਵੀ ਅੰਦਰੋਂ ਅੰਦਰੀ ਹੋਊ ਕਿਸੇ ਤੇ ਮਰਦਾ/ ਜ਼ਾਲਮ ਦਿਲ ਵੀ ਅੰਤ ਕਿਸੇ ਨਾਲ ਕਰਦਾ ਹੋਊ ਪਿਆਰ।"61 ਜ਼ੁਲਮ ਨੂੰ ਮੂਰਖਤਾਈ ਰਾਹੀਂ ਪਰਿਭਾਸ਼ਿਤ ਕਰਦਾ ਪੂਰੀ ਦਿਰ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕਰਦਾ ਹੈ। 'ਮੂਰਖ ਮਰਦ ਦੇ ਹੱਥ ਵਿਚ ਅਕਸਰ ਔਰਤ ਇਕ ਖਿਡੌਣਾ/ ਮੈਂ ਵੀ ਚਾਰ ਖਿਡੌਣਿਆ ਦੇ ਨਾਲ ਲੈਂਦਾ ਵਕਤ ਗੁਜ਼ਾਰ।

ਪੰਜਵਾਂ ਹਿੱਸੇ ਵਿਚ 'ਅੱਜ ਕੱਲ, ਆਉਂਦੀ ਕੱਲ, ਗੁਜ਼ਰੀ ਕੱਲ, ਮਾਜ਼ੀ, ਹਾਲ, ਮੁਸਤਕਬਿਲ' ਕੇਂਦਰਿਤ ਕਰਦਿਆਂ ਉਸਨੇ ਜਿਹੜੀ ਗੱਲ ਰੂਪਮਾਨ ਕੀਤੀ ਹੈ ਉਹ ਆਪੇ ਸਿਰਜੇ ਭਰਮ ਨੂੰ ਰੱਦਣ ਅਤੇ ਪੇਸ਼ ਕਰਨ ਦੀ ਹੈ। "ਅੱਜ ਜ਼ਮਾਨਾ ਐਸਾ ਸੱਚ ਤੇ ਝੂਠੇ ਨੂੰ ਤਰਜੀਹ/ ਅੱਜ ਜ਼ਮਾਨਾ ਐਸਾ ਝੂਠਾ ਜਗਾਹ ਜਗਾਹ ਪਰਧਾਨ/ ਅੱਜ ਜ਼ਮਾਨਾ ਐਸਾ ਨ੍ਹੇਰਾ ਚਾਣਨ ਉੱਤੇ ਹਾਵੀ/ਅੱਜ ਜ਼ਮਾਨਾ ਐਸਾ ਅਨਪੜ੍ਹ ਸਮਝੇ ਮੈਂ ਵਿਦਵਾਨ।"62 ਛੇਵਾਂ ਹਿੱਸਾ ਜਿੱਥੇ ਜਾ ਕੇ ਸਵਾਲ ਹਨ। ਇਨ੍ਹਾਂ ਸਵਾਲਾਂ ਵਿਚ ਇਸ ਬਿਰਤਾਂਤ ਦਾ ਸੱਚ

ਪਿਆ ਹੈ। ਇਹ ਸਵਾਲ ਬੰਦੇ ਨੂੰ ਸੰਬੋਧਿਤ ਹਨ ਜਿੱਥੇ ਉਹ ਬੰਦੇ ਨੂੰ ਕਰਮ ਕੇਂਦਰਿਤ ਕਰਕੇ ਹੈਵਾਨ ਤੇ ਭਗਵਾਨ ਬਣਾਉਂਦਾ ਹੈ। ਪਹਿਲਾ ਉਹ ਜ਼ਮਾਨੇ ਦੀ ਸਮਝ ਤੇ ਡਮਗ ਮਾਰਦਾ ਹੈ। "ਕੌਣ ਜੋ ਕਹਿੰਦਾ ਇਹ ਕਿ ਬੰਦੇ ਸਾਰੇ ਇਕ ਬਰਾਬਰ/ ਕੌਣ ਜੋ ਕਹਿੰਦਾ ਇਹ ਕਿ ਉਹਦੀ ਅਕਲ ਸਮਝ ਬੇਕਾਰ।"63 ਰਾਜਸੀ ਢਾਂਚੇ ਅੰਦਰਲੀ ਥੋਥ ਨੂੰ ਉਬਾਰਦਾ ਹੈ, ਆਜ਼ਾਦੀ ਦੇ ਅਰਥ ਸਾਹਮਣੇ ਲਿਆਉਨਦਾ ਹੈ। "ਕੌਣ ਜਿੰਨਾਂ ਨੂੰ ਖਬਰਾਂ ਇਹ ਆਜ਼ਾਦੀ ਕਿਸ ਦਾ ਨਾਂ/ ਕੌਣ ਜਿੰਨੂੰ ਨਾ ਖਬਰਾਂ, ਬੰਦਾ ਕਦ ਬਣਦਾ ਇਨਸਾਨ।"64 ਜਿਸਨੂੰ ਨਵੀਂ ਕਵਿਤਾ ਵਿਚ ਗੁਰਪ੍ਰੀਤ "ਪਾਣੀਆਂ ਤੇ ਤੁਰਨਾ ਆਉਂਦਾ ਹੈ ਮੈਨੂੰ"65 ਆਖਦਾ ਹੈ। ਭੱਲਾ ਇਸ ਹੋਂਦ ਨੂੰ ਬੜੀ ਬਾਰੀਕੀ ਨਾਲ ਉਭਾਰਦਾ ਹੈ। "ਕੌਣ ਜੋ ਕਹਿੰਦਾ ਪਾਣੀ ਤੇ ਤਸਵੀਰ ਬਣਾਨੀ ਔਖੀ/ ਕੌਣ ਜੋ ਕਹਿੰਦਾ ਪਾਣੀ ਤੇ ਨਹੀਂ ਬਣਦੇ ਚਾਰ ਨਿਸ਼ਾਨ।"66 ਇਨ੍ਹਾਂ ਸਵਾਲਾਂ ਰਾਹੀਂ ਉਹ ਜਿਸਮ ਨੂੰ ਲਾਸ਼ ਆਖਦਾ ਹੈ, ਰੂਹ ਨੂੰ ਇਨਸਾਨੀਅਤ। "ਕੌਣ ਨਹੀਂ ਚਾਹੁੰਦਾ ਇਹ ਦੱਸਣ ਬਿਨ ਜਿਸਮ ਸਿਰਫ ਇਕ ਲਾਸ਼/ ਕੌਣ ਨਾ ਜਾਣੇ ਇਹ ਕਿ ਰੂਹ ਬਿਨ ਬੰਦਾ ਨਾ ਇਨਸਾਨ।"67 ਮੌਤ ਨੂੰ ਅਟੱਲ ਮੰਨਦਾ ਉਹ "ਕੌਣ ਨਾ ਜਾਣੇ ਇਹ ਕਿ ਇਹ ਜੋ ਮੌਤ ਇਹ ਇਕ ਦਿਨ ਆਉਂਦੀ/ ਕੌਣ ਨਾ ਜਾਣੇ ਇਹ ਕਿ ਬੰਦਾ ਧਰਤੀ ਤੇ ਮਹਿਮਾਨ"68 ਆਖਦਾ ਹੈ। ਲੋਕ ਸਾਹਿਤ ਵਿਚ ਮਿਲਦਾ ਹੈ ਕਿ 'ਜਿੰਦੇ ਹੰਸਣੀਏ, ਤੂੰ ਕੱਲਰੀ ਮਿੱਟੀ ਦੀ ਢੇਰੀ।' ਗੀਤਾ ਵਿਚ ਮੌਤ ਤੋਂ ਬਾਅਦ ਆਤਮਾ ਦੇ ਅਨਾਦੀ ਹੋਣ ਦਾ ਪ੍ਰਸੰਗ ਹੈ। ਜਦੋਂ ਭੱਲਾ ਇਸ ਪ੍ਰਸੰਗ ਨੂੰ ਕਰਮ ਨਾਲ ਜੋੜਦਾ ਹੈ ਤਾਂ ਉਹ ਭਗਵਾਨ ਅਤੇ ਇਨਸਾਨ ਨੂੰ ਸਮਾਂਨਾਤਰ ਰੱਖਦਾ ਹੈ ਕਿਉਂਕਿ ਆਧੁਨਿਕ ਚਿੰਤਨ ਦਾ ਇਹ ਰੰਗਣ ਹੈ। ਜਿੱਥੇ ਅਮਲ ਦਾ ਨਿਬੇੜਾ ਹੋਣ ਦੀ ਗੱਲ ਹੈ ਜਾਂ 'ਆਦਮੀ ਦੇ ਬੋਲ ਜੱਗ ਰਹਿੰਦੀਆਂ ਨਿਸ਼ਾਨੀਆਂ' ਵਰਗੀਆਂ ਧਾਰਨਾਵਾਂ ਹਨ। ਮੌਤ ਦੇ ਸਬੰਧ ਵਿਚ ਸਾਡਾ ਵੱਖਰਾ ਚਿੰਤਨ ਹੈ ਜਿਸਨੂੰ ਨਾਹਰ ਸਿੰਘ ਨੇ ਪੰਜਾਬੀਆਂ ਦੇ ਮੌਤ ਦਰਸ਼ਨ ਰਾਹੀਂ ਵੀ ਸਮਝਿਆ ਹੈ। ਇਸ ਤੋਂ ਵੀ ਅਗਾਂਹ ਇਸ ਨੂੰ ਸਮਝਣ ਲਈ ਪੰਜਾਬ ਦੇ ਲੋਕ ਮਨ ਨੂੰ ਸਮਝਿਆ ਜਾ ਸਕਦਾ ਹੈ। ਜਦੋਂ ਭੱਲਾ 'ਬੰਦੇ ਨੂੰ ਧਰਤੀ ਤੇ ਮਹਿਮਾਨ' ਵਜੋਂ ਸਮਝਣਾ ਹੈ ਤਾਂ ਇਸ ਨੁਕਤੇ ਤੋਂ ਪੱਛਮੀ ਅਤੇ ਪੂਰਬੀ ਸਮਾਜਾਂ ਦੀ ਮੌਤ ਪ੍ਰਤੀ ਪਹੁੰਚ ਸਮਝ ਪੈਂਦੀ ਹੈ। ਇਸ ਮਹਿਮਾਨ ਦੇ ਸਮਾਜ ਵਿੱਚ ਤੁਰਨ ਤੋਂ ਬਾਅਦ "ਪੱਛਮੀ ਸਮਾਜਾਂ ਵਿੱਚ ਸਮਝਿਆ ਜਾਂਦਾ ਹੈ ਕਿ ਮੌਤ ਦਾ ਦੁੱਖ ਵਿਅਕਤੀਗਤ ਤੌਰ ਤੇ ਝੇਲਣਾ ਚਾਹੀਦਾ ਹੈ ਅਤੇ ਜਲਦੀ ਤੋਂ ਜਲਦੀ ਭੁੱਲਣ ਦਾ ਅਤੇ ਦਰਦ ਦੇ ਜ਼ਖ਼ਮ ਨੂੰ ਭਰਨ ਦਾ ਯਤਨ ਕਰਨਾ ਚਾਹੀਦਾ ਹੈ। ਪਰ ਇਸ ਪੱਖ ਤੋਂ ਉਲਟ

ਪੂਰਬੀ ਸਮਾਜਾਂ ਵਿੱਚ ਇਕ ਦੂਜੇ ਦੇ ਦੁੱਖ ਵਿਚ ਸ਼ਰੀਕ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਮੌਤ ਦੇ ਦੁੱਖ ਨੂੰ ਘਟਾਉਣ ਲਈ ਭਾਈਚਾਰਾ, ਸਾਕਾਚਾਰੀ, ਮਿੱਤਰ-ਸਨੇਹੀ ਕੱਠੇ ਹੋ ਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹਨ।"69 ਇਸੇ ਭਾਗ ਵਿਚ ਉਹ ਉਸ ਦੌਰ ਦੇ ਵਿਚ ਆਈ ਮੰਡੀ ਦੀ ਦ੍ਰਿਸ਼ਟੀ ਨੂੰ ਫੜ੍ਹਦਾ ਹੈ ਅਤੇ ਮਜ਼ਦੂਰ ਦੀ ਦਸ਼ਾ ਬਿਆਨਦਾ ਹੈ। ਇਹ ਸਵਾਲ ਪਾਠਕ ਨੂੰ ਠਿੱਠ ਕਰਦੇ ਹਨ।

"ਕਿਹੜੇ ਦੌਰ 'ਚ ਮਜ਼ਦੂਰਾ ਪੂਰੀ ਉਜਰਤ ਲੱਭ
ਕਿਹੜੇ ਦੌਰ 'ਚ ਮਜ਼ਦੂਰਾਂ ਨੂੰ ਨਹੀਂ ਲੁੱਟਦਾ ਧਨਵਾਨ।70
ਜਾਂ
ਕਿੱਦਾਂ ਲਾਉਣੀ ਛਿੱਲ ਕਿਸੇ ਦੀ ਜਾ ਮੰਡੀ ਵਿਚ ਵੇਖ
ਕਿੱਦਾਂ ਕਰਨਾ ਛਲ ਕਿਸੇ ਨਾਲ ਵੇਖ ਜਾ ਵਿਚ ਬਾਜ਼ਾਰ
ਕਿੱਦਾਂ ਗਾਹਕ ਫਸਾਣਾ ਅੱਜ ਤੇ ਫਨ ਕਲਾ ਵਿਚ ਸ਼ਾਮਲ
ਕਿੱਦਾਂ ਗਾਹਕ ਫਸਾਣਾ ਅੱਜ ਤੇ ਹੁਨਰਾਂ ਵਿਚ ਸ਼ੁਮਾਰ।71

ਆਖਰੀ ਭਾਗ ਵਿਚ ਉਹ ਮੈਂ, ਤੂੰ, ਸਾਡੇ ਅਤੇ ਆਪਣੇ ਰਾਹੀਂ ਮੁਖਾਤਿਬ ਹੁੰਦਾ ਹੈ। ਜਿੱਥੇ ਉਹ ਮੈਂ ਦਾ ਸਿੱਟਾ ਕੱਢਦਾ ਆਖਦਾ ਹੈ ਕਿ "ਮੈਂ ਜੀਹਦੇ ਵਿਚ ਮਰ ਗਈ, ਬੰਦਾ ਰੌਸ਼ਨੀਆਂ ਦਾ ਸੋਮਾ/ ਮੈਂ ਜੀਹਦੇ ਵਿਚ ਮਰ ਗਈ ਬੰਦਾ ਖਿ ਿੜਆ ਨੂਰ ਨਿਸ਼ਾਨ।"72 ਇਸ ਦੌਰ ਵਿੱਚ ਬੰਦੇ ਅੰਦਰ ਮੈਂ ਦੀ ਪ੍ਰਵਿਰਤੀ ਭਾਰੂ ਹੋਈ ਹੈ। ਅਜਿਹੀ ਸਥਿਤੀ ਵਿੱਚ ਉਹ ਜਿਹੜੀ ਜੁਗਤ ਚੁਣਦਾ ਹੈ ਉਹ ਸਵੈ ਮੰਥਨ ਦੀ ਹੈ। ਉਹ "ਮੈ" ਰਾਹੀਂ ਸੰਬੋੋਧਿਤ ਹੁੰਦਾ ਹੈ। ਉਸਦੀ ਖੂਬੀ ਹੈ ਕਿ ਉਹ 'ਮੈਂ' ਨੂੰ ਨਿੱਜ ਤੱਕ ਘਟਣ ਨਹੀਂ ਦਿੰਦਾ। ਉਹ 'ਮੈਂ' ਦੀ ਜੁਗਤ ਨੂੰ ਸਮੂਹਿਕ ਅਵਚੇਤਨ ਲਈ ਵਰਤਦਾ ਹੈ। ਇਸ ਪ੍ਰਵਚਨਕਾਰੀ ਰਾਹੀਂ ਉਹ ਸਮਾਜਾਂ ਦਾ ਸਾਰਅੰਸ਼ ਸਾਹਮਣੇ ਲਿਆਉਂਦਾ ਹੈ। 'ਤੂੰ' ਦਾ ਸਾਰਅੰਸ਼ ਦੱਸਦਾ ਉਹ ਆਖਦਾ ਹੈ ਕਿ "ਤੂੰ ਜੇ ਕਿਧਰੇ ਨਜ਼ਰ ਮਿਲਾਂਦੀ, ਬਿਨਾਂ ਬਿਮਾਰੀਓਂ ਮਰਦਾ/ ਤੂੰ ਜੇ ਕਿਧਰੇ ਨਜ਼ਰ ਮਿਲਾਂਦੀ, ਪਲ ਵਿਚ ਹੁੰਦਾ ਪਾਰ।"73 ਇੱਥੇ ਵਾਰਿਸ਼ ਦੇ ਇਸ਼ਕ ਵਿਖਿਆਨ ਵਾਂਗੂੰ "ਰਾਂਝੇ ਉੱਠ ਕੇ ਆਖਿਆ ਵਾਹ ਸੱਜਣ ਹੀਰ ਹੱਸ ਕੇ ਮਿਹਰਬਾਨ ਹੋਈ"74 ਵਰਗੀ ਸਥਿਤੀ ਹੈ। ਇਸੇ ਨਕਤੇ ਤੋਂ ਉਹ ਆਖਦਾ ਹੈ ਕਿ "ਆਪਣੇ ਉੱਤੇ ਨੁਕਤਾਚੀਨੀ, ਅਕਲਾਂ ਦਾ ਕੁਲ ਹਾਸਲ/ ਆਪਣੇ ਉੱਤੇ ਨੁਕਤਾ ਚੀਨੀ ਜੇ ਬੰਦਾ ਦਿਲਦਾਰ।" ਇਹ ਜੁਗਤ ਰਾਹੀਂ ਉਹ ਸਮੁੱਚੀ ਲਿਖਤ ਦਾ ਸਾਰਅੰਸ਼ ਸਾਹਮਣੇ ਲਿਆਉਂਦਾ ਹੈ।

ਸੋ, ਇਨ੍ਹਾਂ ਨੁਕਤਿਆਂ ਨੂੰ ਸਮਝਦਿਆਂ ਸਮਝ ਪੈਂਦਾ ਹੈ ਕਿ ਹਰਬੰਸ ਭੱਲਾ ਦੀ ਇਹ ਵੱਡ-ਆਕਾਰੀ ਪੁਸਤਕ ਸਿਰਫ ਆਕਾਰ ਪੱਖੋਂ ਹੀ ਵੱਡੀ ਨਹੀਂ ਬਲਕਿ ਖਿਆਲ ਪੱਖੋਂ ਵੀ ਵੱਡੀ ਹੈ। ਮੁੱਢ-ਸ਼ੁਰੂ, ਜਨਮ-ਮਰਨ, ਅਮਤ-ਅੰਜਾਮ, ਉਮਰ-ਜੋਬਨ, ਬੱਚੇ-ਬੁੱਢੇ, ਔਰਤ-ਮਰਦ, ਮਾਂ-ਮਾਪੇ, ਰਿਸ਼ਤੇ-ਖੂਨ, ਸ਼ਮ੍ਹਾਂ, ਸੋਹਣੀ, ਆਦਮ, ਪਰੀਆਂ, ਤਨ, ਮਨ, ਅੱਖ, ਬੁੱਲ੍ਹ, ਹੱਥ. ਚਿਹਰਾ, ਸਿਰ, ਢਿੱਡ, ਕੰਨ, ਜੀਭ, ਫ਼ਨ, ਫ਼ਨਕਾਰ, ਖ਼ੁਦ-ਏਤਮਾਦੀ, ਜੱਗ, ਇਤਬਾਰ, ਸਾਹ, ਸਿਹਤ-ਦੁੱਖ, ਚਿੰਤਾ-ਜਖ਼ਮ, ਸੱਟ-ਰੋਗ, ਪੀੜ-ਸ਼ੱਕ, ਹਸਦ-ਰਹਿਮ, ਕਰਮ, ਚਾਲ, ਚਲਨ, ਸ਼ਰਮ, ਲਾਲਚ, ਲੋਭ, ਕਰਜ਼, ਮੁਆਫ਼ੀ, ਦਾਨ, ਉੱਚੇ, ਗਹਿਰੇ, ਵੱਡੇ, ਛੋਟੇ, ਭੈੜੇ, ਜ਼ਾਲਮ, ਜਜ਼ਬੇ, ਲੋੜ, ਮਜ਼ਹਬ, ਮੁਨਸਿਫ਼, ਮੂਰਖ਼, ਸਮਝਾਂ, ਸਿੱਖਿਆ, ਖੇਡ, ਖੋਜ, ਹੁਸ਼ਿਆਰੀ, ਕਾਰਨ, ਅੱਜ ਕੱਲ, ਆਉਂਦੀ ਕੱਲ, ਗੁਜ਼ਰੀ ਕੱਲ, ਮਾਜ਼ੀ, ਹਾਲ, ਮੁਸਤਕਬਿਲ, ਕੌਣ, ਕਿਸ, ਕਿਹੜਾ, ਕਿੰਨੇ, ਕਿੰਜ, ਕੀ, ਕਿਉਂ, ਕਿੱਦਾਂ, ਕਿੱਥੇ, ਕਾਸ਼, ਕੋਈ, ਕੁਝ, ਮੈਂ, ਤੂੰ, ਸਾਡੇ ਅਤੇ ਆਪਣਾ ਰਾਹੀਂ ਜ਼ਿੰਦਗੀ ਦਾ ਤੱਤਸਾਰ ਸਾਹਮਣੇ ਲਿਆਂਦਾ ਹੈ। ਇਸ ਜ਼ਿੰਦਗੀਬਿਲਾਸ ਵਰਗੀ ਸ਼ਿਅਰਕਾਰੀ ਦੀ ਵੱਖਰਤਾ ਇਸ ਗੱਲ ਵਿੱਚ ਹੈ ਕਿ ਇਹ ਇਕੋ ਛੰਦ ਨੂੰ ਆਧਾਰ ਬਣਾਉਂਦੀ ਹੈ। ਇਸਦੀ ਖ਼ੂਬੀ ਇਸ ਗੱਲ ਵਿੱਚ ਹੈ ਕਿ ਸਮੁੱਚਤਾ ਦੀ ਥਾਵੇਂ ਇਕੱਲੀ ਇਕੱਲੀ ਜ਼ਿਲਦ ਵਿੱਚ ਵੀ ਆਪਣਾ ਵਿਸਥਾਰ ਆਪ ਕਰਦੀ ਹੈ।

**ਹਵਾਲੇ**

1.ਹਰਬੰਸ ਭੱਲਾ, ਪੀਲੇ ਪੱਤਰ, ਪੰਨਾ- -IX

2.ਉਹੀ, ਪੰਨਾ- VI

3.ਨਵਤੇਜ ਭਾਰਤੀ ਅਤੇ ਅਜਮੇਰ ਰੋਡੇ, ਲੀਲ੍ਹਾ, ਪੰਨਾ ਨੰਬਰ 11

4.ਹਰਬੰਸ ਭੱਲਾ, ਉਹੀ, ਪੰਨਾ- VIII

5.ਉਹੀ, ਪੰਨਾ- VIII

6.ਉਹੀ, ਪੰਨਾ- IX

7.ਉਹੀ, ਪੰਨਾ- X

8.ਉਹੀ, ਪੰਨਾ- IX

9.ਸਤੀ ਕੁਮਾਰ, ਮੇਰੇ ਖੱਬੇ ਵਗਦੀ ਹਵਾ, ਪੰਨਾ-64

10.ਹਰਬੰਸ ਭੱਲਾ, ਉਹੀ, ਪੰਨਾ-09

11. https://www.punjabi-kavita.com/PoetryDrMuhammadIqbal.php

12. ਗੁਰੂ ਗ੍ਰੰਥ ਸਾਹਿਬ, ਅੰਗ-1299
13. ਹਰਬੰਸ ਭੱਲਾ, ਉਹੀ, ਪੰਨਾ-179
14. ਉਹੀ, ਪੰਨਾ-179
15. ਉਹੀ, ਪੰਨਾ-180
16. ਉਹੀ, ਪੰਨਾ-181
17. ਉਹੀ, ਪੰਨਾ-181
18. ਉਹੀ, ਪੰਨਾ- xii
19. ਵਿਜੇ ਵਿਵੇਕ, ਚੱਪਾ ਕੁ ਪੂਰਬ, ਪੰਨਾ-71
20. ਹਰਬੰਸ ਭੱਲਾ, ਉਹੀ, ਪੰਨਾ-12
21. ਉਹੀ, ਪੰਨਾ-ਣ
22. ਉਹੀ, ਪੰਨਾ-20
23. ਉਹੀ, ਪੰਨਾ-27
24. ਉਹੀ, ਪੰਨਾ-25
25. ਉਹੀ, ਪੰਨਾ-29
26. ਮਨਮੋਹਨ, ਵਿਚਾਰਕੀ, ਪੰਨਾ-86
27. ਉਹੀ, ਪੰਨਾ-39
28. ਉਹੀ, ਪੰਨਾ-38
29. ਉਹੀ, ਪੰਨਾ-43
30. ਉਹੀ, ਪੰਨਾ-43
31. ਉਹੀ, ਪੰਨਾ-47
32. ਉਹੀ, ਪੰਨਾ-47
33. ਉਹੀ, ਪੰਨਾ-48
34. ਉਹੀ, ਪੰਨਾ-49
35. ਉਹੀ, ਪੰਨਾ-54
36. ਉਹੀ, ਪੰਨਾ-53
37. ਉਹੀ, ਪੰਨਾ-60

ISSN: 2584-0509


38. ਉਹੀ, ਪੰਨਾ-60
39. ਉਹੀ, ਪੰਨਾ-65
40. ਹੀਰ, ਵਾਰਿਸ ਸ਼ਾਹ, ਸੰਪਾਦਿਤ ਡਾ. ਗੁਰਦੇਵ ਸਿੰਘ, ਪੰਨਾ-22
41. ਕਿੱਸਾ ਹੀਰ ਵ ਰਾਂਝਾ, ਅਲੀ ਹੈਦਰ ਮੁਲਤਾਨੀ
42. ਹਰਬੰਸ ਭੱਲਾ, ਉਹੀ, ਪੰਨਾ-71
43. ਉਹੀ, ਪੰਨਾ-71
44. ਉਹੀ, ਪੰਨਾ-75
45. ਉਹੀ, ਪੰਨਾ-84
46. ਉਹੀ, ਪੰਨਾ-108
47. ਉਹੀ, ਪੰਨਾ-110
48. ਉਹੀ, ਪੰਨਾ-110
49. ਉਹੀ, ਪੰਨਾ-116
50. ਉਹੀ, ਪੰਨਾ-124
51. ਉਹੀ, ਪੰਨਾ-153
52. ਉਹੀ, ਪੰਨਾ-136
53. ਉਹੀ, ਪੰਨਾ-140
54. ਉਹੀ, ਪੰਨਾ-161
55. ਉਹੀ, ਪੰਨਾ-206
56. ਉਹੀ, ਪੰਨਾ-161
57. ਉਹੀ, ਪੰਨਾ-163
58. ਉਹੀ, ਪੰਨਾ-164
59. ਉਹੀ
60. ਉਹੀ
61. ਉਹੀ, ਪੰਨਾ-169
62. ਉਹੀ, ਪੰਨਾ-214
63. ਉਹੀ, ਪੰਨਾ-257

64. ਉਹੀ, ਪੰਨਾ-259
65. ਗੁਰਪ੍ਰੀਤ, ਸਿਆਹੀ ਘੁਲੀ ਹੈ, ਪੰਨਾ-45
66. ਉਹੀ, ਪੰਨਾ-261
67. ਉਹੀ, ਪੰਨਾ-263
68. ਉਹੀ, ਪੰਨਾ-263
69. ਡਾ. ਨਾਹਰ ਸਿੰਘ, ਪੰਜਾਬੀਆਂ ਦਾ ਮੌਤ ਦਰਸ਼ਨ, ਪੰਨਾ- 12, 13
70. ਉਹੀ, ਪੰਨਾ-271
71. ਉਹੀ, ਪੰਨਾ-284
72. ਉਹੀ, ਪੰਨਾ-326
73. ਉਹੀ, ਪੰਨਾ-333
74. ਹੀਰ, ਵਾਰਿਸ ਸ਼ਾਹ, ਸੰਪਾਦਿਤ ਡਾ. ਗੁਰਦੇਵ ਸਿੰਘ, ਪੰਨਾ-22